Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 191 | Wednesday, September 29, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅਕਤੂਬਰ ਵਿਚ ਨਵੇਂ ਕੈਬਨਿਟ ਦਾ ਐਲਾਨ ਕਰਨਗੇ ਟਰੂਡੋ



ਓਟਵਾ, 28 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਆਪਣੇ ਨਵੇਂ ਮੰਤਰੀ ਮੰਡਲ ਦਾ ਐਲਾਨ ਅਕਤੂਬਰ ਵਿੱਚ ਕਰਨਗੇ ਉਨ੍ਹਾਂ ਆਖਿਆ ਕਿ ਇਸ ਸਾਲ ਦੇ ਅੰਤ ਤੋਂ ਪਹਿਲਾਂ ਉਹ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਕਰਵਾਉਣਗੇ। ਇਸ ਤੋਂ ਇਲਾਵਾ ਟਰੂਡੋ ਨੇ ਜਲਦ ਤੋਂ ਜਲਦ ਫੈਡਰਲ ਵੈਕਸੀਨ ਟੀਚਾ ਪੂਰਾ ਕਰਨ ਦਾ ਵਾਅਦਾ ਵੀ ਕੀਤਾ।

20 ਸਤੰਬਰ ਨੂੰ ਹੋਈਆਂ ਚੋਣਾਂ ਤੋਂ ਬਾਅਦ ਆਪਣੀ ਪਹਿਲੀ ਮੁੱਖ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡੀਅਨਜ਼ ਨੇ ਇੱਕ ਵਾਰੀ ਫਿਰ ਲਿਬਰਲਾਂ ਵਿੱਚ ਭਰੋਸਾ ਪ੍ਰਗਟਾਇਆ ਹੈ ਜਿਸ ਦਾ ਉਹ ਸ਼ੁਕਰੀਆ ਅਦਾ ਕਰਦੇ ਹਨ। ਮੰਗਲਵਾਰ ਨੂੰ ਟਰੂਡੋ ਨੇ ਗਵਰਨਰ ਜਨਰਲ ਮੈਰੀ ਮੇਅ ਸਾਇਮਨ ਕੋਲ ਅਗਲੀ ਸਰਕਾਰ ਬਣਾਉਣ ਦਾ ਇਰਾਦਾ ਪ੍ਰਗਟਾਉਣ ਦੀ ਪੁਸ਼ਟੀ ਵੀ ਕੀਤੀ।

ਟਰੂਡੋ ਨੇ ਕ੍ਰਿਸਟੀਆ ਫਰੀਲੈਂਡ ਨੂੰ ਇੱਕ ਵਾਰੀ ਫਿਰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਵਜੋਂ ਕੰਮਕਾਜ ਜਾਰੀ ਰੱਖਣ ਦੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਉਨ੍ਹਾਂ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਆਪਣੇ ਬਾਕੀ ਮੰਤਰੀਆਂ ਦੇ ਰੋਸਟਰ ਨੂੰ ਸਾਹਮਣੇ ਲਿਆਉਣਗੇ। ਉਨ੍ਹਾਂ ਇਹ ਵੀ ਆਖਿਆ ਕਿ ਚੋਣਾਂ ਤੋਂ ਬਾਅਦ ਵੀ ਉਹ ਪਾਰਲੀਆਮੈਂਟ ਵਿੱਚ ਲਿੰਗਕ ਸੰਤੁਲਨ ਜਾਰੀ ਰੱਖਣਗੇ।

ਉਨ੍ਹਾਂ ਆਖਿਆ ਕਿ ਵਿਦੇਸ਼ ਦਾ ਦੌਰਾ ਕਰਨ ਦੇ ਚਾਹਵਾਨ ਪੂਰੀ ਤਰ੍ਹਾਂ ਵੈਕਸੀਨੇਟਿਡ ਕੈਨੇਡੀਅਨਜ਼ ਨੂੰ ਇੰਟਰਨੈਸ਼ਨਲ ਵੈਕਸੀਨ ਪਾਸਪੋਰਟ ਮੁਹੱਈਆ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਆਖਿਆ ਕਿ ਹੈਲਥ ਕੇਅਰ ਵਰਕਰਜ਼ ਨੂੰ ਤੰਗ ਪਰੇਸ਼ਾਨ ਕਰਨ ਵਾਲਿਆਂ ਉੱਤੇ ਮੁਜਰਮਾਨਾਂ ਪਾਬੰਦੀਆਂ ਲਾਏ ਜਾਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

## ਓਨਟਾਰੀਓ ਦੇ ਬਿਜ਼ਨਸਿਜ਼ ਨੂੰ ਵੈਕਸੀਨ ਸਰਟੀਫਿਕੇਟ ਲਈ ਕੋਈ ਰਿਆਇਤ ਨਹੀਂ ਦੇਵੇਗੀ ਫੋਰਡ ਸਰਕਾਰ



ਓਨਟਾਰੀਓ, 28 ਸਤੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਨਵਾਂ ਵੈਕਸੀਨ ਸਰਟੀਫਿਕੇਟ ਲਾਗੂ ਕਰਨ ਲਈ ਉਨ੍ਹਾਂ ਵੱਲੋਂ ਐਜੁਕੇਸ਼ਨ ਫਰਸਟ ਪਹੁੰਚ ਅਪਨਾਈ ਜਾ ਰਹੀ ਹੈ। ਇਸ ਵੈਕਸੀਨ ਸਰਟੀਫਿਕੇਟ ਲਈ ਕਿਸੇ ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾਵੇਗੀ ਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਬਿਜ਼ਨਸਿਜ਼ ਨੂੰ ਜੁਰਮਾਨੇ ਲਾਏ ਜਾਣਗੇ।

ਸਿਹਤ ਮੰਤਰਾਲੇ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਮਹਾਂਮਾਰੀ ਦੌਰਾਨ ਇਸ ਨਵੀਂ ਪਹੁੰਚ ਨੂੰ ਲਾਗੂ ਕਰਨ ਤੋਂ ਪਹਿਲਾਂ ਪ੍ਰੋਵਿੰਸ ਵੱਲੋਂ ਇਸ ਸਬੰਧ ਵਿੱਚ ਲੋਕਾਂ ਨੂੰ ਪਹਿਲਾਂ ਜਾਗਰੂਕ ਕਰਨ ਵਾਲੀ ਪਹੁੰਚ ਅਪਣਾਈ ਜਾ ਰਹੀ ਹੈ। ਰੀਓਪਨਿੰਗ ਓਨਟਾਰੀਓ ਐਕਟ ਦੀ ਉਲੰਘਣਾਂ ਕਰਨ ਵਾਲੇ ਬਿਜਨਸਿਜ਼ ਨੂੰ 1,000 ਡਾਲਰ ਜਾਂ 10,000 ਡਾਲਰ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਹਰ ਕਿਸੇ ਨੂੰ ਵੈਕਸੀਨੇਸ਼ਨ ਸਿਸਟਮ ਦੇ ਨਵੇਂ ਸਬੂਤ ਬਾਰੇ ਸਿੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

22 ਸਤੰਬਰ ਤੱਕ ਓਨਟਾਰੀਓ ਵਾਸੀਆਂ ਨੂੰ ਆਪਣੀ ਵੈਕਸੀਨੇਸ਼ਨ ਦੀ ਰਸੀਦ ਦਿਖਾਉਣੀ ਸੀ ਤੇ ਇਹ ਸਿੱਧ ਕਰਨਾ ਸੀ ਕਿ ਉਨ੍ਹਾਂ ਨੂੰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲੱਗ ਚੁੱਕੀਆਂ ਹਨ। ਇਸ ਨਾਲ ਉਨ੍ਹਾਂ ਨੂੰ ਰੈਸਟੋਰੈਂਟਸ, ਨਾਈਟਕਲੱਬਜ਼, ਜਿੰਮਜ਼ ਤੇ ਅਜਿਹੀਆਂ ਹੋਰਨਾਂ ਥਾਂਵਾਂ ਤੱਕ ਪਹੁੰਚ ਮਿਲਣੀ ਸੀ। 22 ਅਕਤੂਬਰ ਨੂੰ ਪ੍ਰੋਵਿੰਸ ਵੱਲੋਂ ਇੱਕ ਕਿਊਆਰ ਕੋਡ ਅਤੇ ਇਸ ਪ੍ਰਕਿਰਿਆ ਨੂੰ ਅਮਲੀ ਰੂਪ ਦੇਣ ਲਈ ਵੈਰੀਫਿਕੇਸ਼ਨ ਐਪ ਲਾਂਚ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

## ਪਿੱਕਰਿੰਗ ਵਿੱਚ ਚੱਲੀ ਗੋਲੀ, ਇੱਕ ਹਲਾਕ



ਪਿੱਕਰਿੰਗ, 28 ਸਤੰਬਰ (ਪੋਸਟ ਬਿਊਰੋ) : ਪਿੱਕਰਿੰਗ ਵਿੱਚ ਟਾਊਨਹਾਊਸ ਕਾਂਪਲੈਕਸ ਵਿੱਚ ਰਾਤੀਂ ਹੋਈ ਸ਼ੂਟਿੰਗ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ।

ਸੋਮਵਾਰ ਰਾਤ 11:30 ਵਜੇ ਦੇ ਨੇੜੇ ਤੇੜੇ ਚਲਾਈਆਂ ਗਈਆਂ ਗੋਲੀਆਂ ਬਾਰੇ ਡਰੈਗਨਫਲਾਈ ਐਵਨਿਊ ਨੇੜੇ ਟੌਂਟਨ ਰੋਡ ਤੇ ਵ੍ਹਾਈਟਸ ਰੋਡ ਉੱਤੇ ਸਥਿਤ ਇੱਕ ਘਰ ਉੱਤੇ ਚਲਾਈਆਂ ਗਈਆਂ ਗੋਲੀਆਂ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਦਰਹਾਮ ਪੁਲਿਸ ਮੌਕੇ ਉੱਤੇ ਪਹੁੰਚੀ।

ਪੁਲਿਸ ਨੇ ਇੱਕ ਨੌਜਵਾਨ ਸਮੇਤ ਦੋ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲਿਆ ਹੈ ਪਰ ਉਨ੍ਹਾਂ ਉੱਤੇ ਕੋਈ ਚਾਰਜਿਜ਼ ਨਹੀਂ ਲਾਏ ਗਏ। ਪੁਲਿਸ ਨੇ ਦੱਸਿਆ ਕਿ ਹਾਲ ਦੀ ਘੜੀ ਕੋਈ ਹੋਰ ਵਿਅਕਤੀ ਸ਼ੱਕ ਦੇ ਘੇਰੇ ਵਿੱਚ ਨਹੀਂ ਹੈ।

## ਇੰਡੀਜੀਨਸ ਰੀਕੌਂਸੀਲਿਏਸ਼ਨ ਪ੍ਰੋਜੈਕਟਸ ਲਈ ਕੈਥੋਲਿਕ ਬਿਸ਼ਪਸ ਨੇ 30 ਮਿਲੀਅਨ ਡਾਲਰ ਦੇਣ ਦਾ ਪ੍ਰਗਟਾਇਆ ਤਹੱਈਆ



ਟੋਰਾਂਟੋ, 28 ਸਤੰਬਰ (ਪੋਸਟ ਬਿਊਰੋ) : ਕੈਨੇਡਾ ਦੇ ਬਿਸ਼ਪਸ ਨੇ ਸੋਮਵਾਰ ਨੂੰ ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼, ਉਨ੍ਹਾਂ ਦੇ ਪਰਿਵਾਰਾਂ ਤੇ ਦੇਸ਼ ਭਰ ਵਿੱਚ ਉਨ੍ਹਾਂ ਦੀਆਂ ਕਮਿਊਨਿਟੀਜ਼ ਲਈ ਰੀਕੌਂਸੀਲੀਏਸ਼ਨ ਪ੍ਰੋਜੈਕਟ ਵਿੱਚ ਮਦਦ ਵਾਸਤੇ 30 ਮਿਲੀਅਨ ਡਾਲਰ ਦੇਣ ਦਾ ਤਹੱਈਆ ਪ੍ਰਗਟਾਇਆ ਹੈ।

ਕੈਨੇਡੀਅਨ ਕਾਨਫਰੰਸ ਆਫ ਕੈਥੋਲਿਕ ਬਿਸ਼ਪਸ (ਸੀਸੀਸੀਬੀ) ਨੇ ਇੱਕ ਨਿਊਜ਼ ਰਲੀਜ਼ ਜਾਰੀ ਕਰਕੇ ਆਖਿਆ ਕਿ ਉਹ ਪੰਜ ਸਾਲਾਂ ਵਿੱਚ ਇਹ ਰਕਮ ਜਾਰੀ ਕਰਨ ਲਈ ਤਿਆਰ ਹਨ। ਅਜਿਹਾ ਉਹ ਲੋਕਲ ਪੱਧਰ ਉੱਤੇ ਪਹਿਲਕਦਮੀਆਂ ਨੂੰ ਫੰਡ ਕਰਕੇ ਕਰਨਗੇ। ਕੈਨੇਡਾ ਭਰ ਵਿੱਚ ਪਾਦਰੀਆਂ ਨੂੰ ਆਪਣੇ ਇਲਾਕੇ ਤੋਂ ਇਸ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤੇ ਪੈਸੇ ਜੁਟਾਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰ ਦਿੱਤਾ ਗਿਆ ਹੈ। ਸੀਸੀਸੀਬੀ ਦੇ ਪ੍ਰਧਾਨ ਰੇਅਮੰਡ ਪੌਇਸਨ ਨੇ ਆਖਿਆ ਕਿ ਉਹ ਆਸ ਕਰਦੇ ਹਨ ਕਿ ਇਹ ਫੰਡ ਅਰਥਭਰਪੂਰ ਪ੍ਰੋਜੈਕਟਾਂ ਉੱਤੇ ਖਰਚ ਕੀਤੇ ਜਾਣਗੇ ਅਤੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਕਾਰਨ ਜਿਨ੍ਹਾਂ ਨੂੰ ਟਰੌਮਾ ਹੋਇਆ ਹੈ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ...ਬਾਕੀ ਪੰਨਾ 3 'ਤੇ

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

YES! Immigration — Yes we can...
Locations: Woodbridge, Mississauga, Scarborough
Celebrating 16 Years — 16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ: (416)740-6969 (647)616-1020

SUPER VISA INSURANCE EXPERTS
Punjab Insurance Inc — Super Visa Monthly plans available
7003 Steeles Ave. W, Unit 10, Etobicoke, ON, M9W 0A2
gill@punjabinsurance.ca 416-724-5000
RANJIT GILL Insurance Advisor
Disability Insurance | Mortgage Insurance | Life Insurance | Visitor Insurance | Travel Insurance | RESP(Education Plan) | Critical Illness Insurance

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers — ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca info@dubaijewellers.ca

PROTECT YOUR HOME FROM PESTS — Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE — A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ? Residential & Commercial — All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma — Open Saturday
Providing excellent quality legal services to our clients

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮਾ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਇੰਡੀਜੀਨਸ ਰੀਕੌਂਸੀਲਿਏਸ਼ਨ ਪ੍ਰੋਜੈਕਟਸ ਲਈ ਕੈਥੋਲਿਕ ਬਿਸ਼ਪਸ ਨੇ 30 ਮਿਲੀਅਨ ਡਾਲਰ ਦੇਣ ਦਾ ਪ੍ਰਗਟਾਇਆ ਤਹੱਈਆ

...ਪੰਨਾ 1 ਦਾ ਬਾਕੀ

ਉਨ੍ਹਾਂ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲਜ਼ ਵਿੱਚ ਹੋਈ ਇਸ ਤਰ੍ਹਾਂ ਦੀ ਤ੍ਰਾਸਦੀ ਤੋਂ ਬਾਅਦ ਯੂਨੀਵਰਸਲ ਤੌਰ ਉੱਤੇ ਇਹ ਆਮ ਰਾਇ ਹੈ ਕਿ ਇਸ ਤਰ੍ਹਾਂ ਦੇ ਮੁੱਦੇ ਨੂੰ ਠੋਸ ਢੰਗ ਨਾਲ ਸੁਲਝਾਏ ਜਾਣ ਦੀ ਲੋੜ ਹੈ। ਇਸ ਤਰ੍ਹਾਂ ਦੇ ਪ੍ਰੋਗਰਾਮ ਨਾਲ ਰੈਜ਼ੀਡੈਂਸ਼ੀਅਲ ਸਕੂਲ ਦੇ ਸਰਵਾਈਵਰਜ਼ ਤੇ ਉਨ੍ਹਾਂ ਦੀਆਂ



ਕਮਿਊਨਿਟੀਜ਼ ਦੀਆਂ ਜ਼ਿੰਦਗੀਆਂ ਸੁਧਾਰਨ ਵਿੱਚ ਮਦਦ ਮਿਲੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਫੈਡਰਲ ਪੱਧਰ ਉੱਤੇ ਫੰਡ ਹਾਸਲ ਕਰਨ ਤੋਂ ਬਾਅਦ 139 ਰੈਜ਼ੀਡੈਂਸ਼ੀਅਲ ਸਕੂਲ ਅਜਿਹੇ ਸਨ ਜਿਹੜੇ ਕੈਨੇਡਾ ਵਿੱਚ 19ਵੀਂ ਸਦੀ ਦੇ ਅਖੀਰ ਤੋਂ ਲੈ ਕੇ 1996 ਦਰਮਿਆਨ ਚਲਾਏ ਗਏ। ਇਨ੍ਹਾਂ ਵਿੱਚੋਂ ਬਹੁਤੇ ਸਕੂਲਾਂ ਨੂੰ ਕੈਥੋਲਿਕ ਚਰਚ ਆਪਰੇਟ ਕਰਦੀ ਸੀ।

# ਖਾਣ ਵਿੱਚ ਫਸੇ 39 ਮਾਈਨਰਜ਼ ਵਿੱਚੋਂ 4 ਨੂੰ ਬਚਾਇਆ ਗਿਆ

ਸਡਬਰੀ, 28 ਸਤੰਬਰ (ਪੋਸਟ ਬਿਊਰੋ) : ਸਡਬਰੀ, ਓਨਟਾਰੀਓ ਵਿੱਚ ਵੇਲਜ਼ ਟੋਟਨ ਖਾਣ ਵਿੱਚ ਫਸੇ 39 ਲੋਕਾਂ ਵਿੱਚੋਂ 4 ਮਾਈਨਰਜ਼ ਨੂੰ ਬਾਹਰ ਕੱਢ ਲਿਆ ਗਿਆ ਹੈ। ਇਨ੍ਹਾਂ ਫਸੇ ਹੋਏ ਮਾਈਨਰਜ਼ ਨੂੰ ਕੱਢਣ ਲਈ ਬਚਾਅ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ।

ਸਟੀਲਵਰਕਰਜ਼ ਲੋਕਲ 6500 ਦੇ ਪ੍ਰੈਜ਼ੀਡੈਂਟ ਨਿੱਕ ਲਾਰੋਸੈਲ ਨੇ ਦੱਸਿਆ ਕਿ 30 ਸਟੀਲਵਰਕਰਜ਼ ਸਮੇਤ 39 ਲੋਕ ਐਤਵਾਰ ਤੋਂ ਉੱਥੇ ਫਸੇ ਹੋਏ ਹਨ। ਲਾਰੋਸੈਲ ਨੇ ਦੱਸਿਆ ਕਿ ਇਹ ਮਾਈਨਰਜ਼ ਐਤਵਾਰ ਨੂੰ ਸਵੇਰੇ 7:00 ਵਜੇ ਆਪਣੀ ਸ਼ਿਫਟ ਸ਼ੁਰੂ ਕਰਨ ਲਈ



ਅੰਡਰਗ੍ਰਾਊਂਡ ਗਏ ਸਨ। ਸਵੇਰੇ 11:30 ਵਜੇ ਕੋਈ ਘਟਨਾ ਵਾਪਰਨ ਕਾਰਨ ਸ਼ਾਫਟ ਖਰਾਬ ਹੋ ਗਈ। ਉਨ੍ਹਾਂ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਬਚਾਏ ਗਏ ਮਾਈਨਰਜ਼ ਵਿੱਚੋਂ ਚਾਰ ਸ਼ਾਮੀਂ 7:00 ਵਜੇ ਤੋਂ ਰਾਤ ਦੇ 8:00 ਵਜੇ ਦਰਮਿਆਨ ਬਾਹਰ ਕੱਢੇ ਗਏ।

ਉਨ੍ਹਾਂ ਦੱਸਿਆ ਕਿ ਕੁੱਝ ਹੋਰ ਮਾਈਨਰਜ਼ ਖਾਣ ਦੇ ਅੱਧ ਤੱਕ ਆ ਚੁੱਕੇ ਹਨ ਜਦਕਿ ਬਾਕੀਆਂ ਨੂੰ ਬਾਹਰ ਕੱਢਣ ਲਈ ਅਜੇ ਹੋਰ ਸਮਾਂ ਲੱਗੇਗਾ। ਓਨਟਾਰੀਓ ਮਾਈਨ ਰੈਸਕਿਊ ਦੇ ਸ਼ਾਅਨ ਰਾਈਡਆਊਟ ਨੇ ਦੱਸਿਆ ਕਿ ਵਰਕਰਜ਼ ਇਸ ਸਮੇਂ 4000 ਤੇ 3000 ਦੇ ਲੈਵਲ ਉੱਤੇ ਹਨ ਤੇ ਹੌਲੀ ਹੌਲੀ ਉਨ੍ਹਾਂ ਨੂੰ ਕੱਢ ਲਿਆ ਜਾਵੇਗਾ।

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬੇਸਮੈਂਟਸ ਕਿਰਾਏ ਲਈ ਖਾਲੀ

ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੇਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੇਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

Great Invetsment Opportunity

In The Region of Timminis,ON


8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



# ਮੁੱਖ ਮੰਤਰੀ ਚੰਨੀ ਨੇ ਪੰਜਾਬ ਦੇ ਮੰਤਰੀਆਂ ਨੂੰ ਮਹਿਕਮੇ ਵੰਡੇ

## * ਸੁਖਜਿੰਦਰ ਸਿੰਘ ਰੰਧਾਵਾ ਨੂੰ ਗ੍ਰਹਿ ਵਿਭਾਗ ਦਿੱਤਾ ਗਿਆ



ਚੰਡੀਗੜ੍ਹ, 28 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਅੱਜ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ। ਇਨ੍ਹਾਂ ਵਿੱਚ ਸਭ ਤੋਂ ਅਹਿਮ ਗ੍ਰਹਿ ਮੰਤਰਾਲਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਦਿੱਤਾ ਗਿਆ ਹੈ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਿਜੀਲੈਂਸ ਦਾ ਮਹਿਕਮਾ ਖੁਦ ਆਪਣੇ ਕੋਲ ਰੱਖਿਆ ਅਤੇ ਇਸ ਮੌਕੇ ਟਰਾਂਸਪੋਰਟ ਮਹਿਕਮਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰਦਿੱਤਾ ਗਿਆ ਹੈ। ਮੰਤਰੀਆਂ ਦੇ ਵਿਭਾਗਾਂ ਦੀ ਸੂਚੀ ਮੁਤਾ-ਬਕ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਹੋਮ, ਕੋਆਪਰੇਟਿ-ਵਅਤੇ ਜੇਲ੍ਹਾਂ ਦਾ ਵਿਭਾਗ ਦਿੱਤਾ ਗਿਆ ਹੈ।ਦੂਸਰੇ ਡਿਪਟੀਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੂੰ ਸਿਹਤ ਤੇ ਪਰਿਵਾਰ ਭਲਾਈ ਦੇ ਨਾਲ ਫਰੀਡਮ ਫਾਈਟਰਜ਼ ਵਿਭਾਗਦਿੱਤਾ ਗਿਆ ਹੈ। ਸਭ ਤੋਂ ਸੀਨੀਅਰ ਮੰਤਰੀ ਬ੍ਰਹਮ ਮਹਿੰਦਰਾ ਨੂੰ ਲੋਕਲ ਬਾਡੀਜ਼ ਸਰਕਾਰਾਂ ਤੇ ਪਾਰਲੀਮੈਂਟਰੀ ਮਾਮਲਿਆਂ ਦੀ ਜ਼ਿੰਮੇਵਾਰੀ ਮਿਲੀ ਹੈ। ਮਨਪ੍ਰੀਤ ਸਿੰਘ ਬਾਦਲ ਇੱਕ ਵਾਰ ਫਿਰ ਵਿੱਤ ਮੰਤਰੀ ਬਣੇ ਹਨ। ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਪੇਂਡੂ ਵਿਕਾਸ, ਪੰਚਾਇਤਾਂ ਤੇ ਪਸ਼ੂ ਪਾਲਣ ਵਿਭਾਗ ਅਤੇ ਅਰੁਣਾ ਚੌਧਰੀ ਨੂੰ ਮਾਲ ਮਹਿਕਮਾ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧ ਵਿਭਾਗ ਦਿੱਤੇ ਗਏ ਹਨ। ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੂੰ ਜਲ ਸਰੋਤ ਤੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ, ਜਦ ਕਿ ਰਾਣਾ ਗੁਰਜੀਤ ਸਿੰਘ ਨੂੰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦਾ ਜ਼ਿੰਮਾ ਮਿਲਿਆ ਹੈ। ਰਜ਼ੀਆ ਸੁਲਤਾਨਾ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਨਾਲ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਦੀ ਮੁਖੀ ਬਣਾਇਆ ਗਿਆ ਹੈ। ਵਿਜੈ ਇੰਦਰ ਸਿੰਗਲਾ ਨੂੰ ਲੋਕ ਨਿਰਮਾਣ ਅਤੇ ਪ੍ਰਸ਼ਾਸਕੀ ਸੁਧਾਰ ਵਿਭਾਗ ਮਿ-ਲਆ ਹੈ। ਭਾਰਤ ਭੂਸ਼ਣ ਆਸ਼ੂ ਨੂੰ ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦਾ ਜ਼ਿੰਮਾ ਮਿ-ਲਆ ਹੈ। ਰਣਦੀਪ ਸਿੰਘ ਨਾਭਾ ਨੂੰ ਫੂਡ ਪ੍ਰੋਸੈਸਿੰਗ ਦੇ ਨਾਲ ਖੇਤੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਰਾਜ ਕੁਮਾਰ ਵੇਰਕਾ ਨੂੰ ਸਮਾਜਿਕ ਸਿੱਖਿਆ, ਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਵਿਭਾਗ ਦੇ ਨਾਲ ਮੈਡੀਕਲ ਸਿੱਖਿਆ ਤੇ ਖੋਜ ਦਾ ਜ਼ਿੰਮਾ ਮਿਲਿਆ ਹੈ। ਸੰਗਤ ਸਿੰਘ ਗਿਲਜ਼ੀਆਂ ਜੰਗਲਾਤ, ਜੰਗਲੀ ਜੀਵਨ ਅਤੇ ਕਿਰਤ ਮੰਤਰੀ ਹੋਣਗੇ। ਪ੍ਰਗਟ ਸਿੰਘ ਨੂੰ ਸਕੂਲੀ ਸਿੱਖਿਆ, ਉਚੇਰੀ ਸਿੱਖਿਆ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਪਰਵਾਸੀ ਭਾਰਤੀ ਵਿਭਾਗ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਟਰਾਂਸਪੋਰਟ ਮੰਤਰੀ ਮਿਲਿਆ ਹੈ। ਗੁਰਕੀਰਤ ਸਿੰਘ ਕੋਟਲੀ ਉਦਯੋਗ ਅਤੇ ਵਣਜ, ਸੂਚਨਾ ਤਕਨਾਲੋਜੀ ਤੇ ਵਿਗਿਆਨ ਤੇ ਤਕਨਾਲੋਜੀ ਦੀ ਦੇਖ-ਰੇਖ ਕਰਨਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਮੋਬਾਇਲ: ਪਰਮਿੰਦਰ ਗਰੇਵਾਲ 647-391-1000
ਬਲਵੀਰ ਸਰਪੰਚ 289-541-5384

ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
705-443-2556

# ਭਾਰਤ ਵਿੱਚ ਕੋਰੋਨਾ ਨਾਲ ਮਰਨ ਵਾਲੇ ਲੋਕਾਂ ਦੇ ਵਾਰਸਾਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਹੁਕਮ

## * ਗ੍ਰਹਿ ਮੰਤਰਾਲੇ ਵੱਲੋਂ ਸਾਰੇ ਰਾਜਾਂ ਨੂੰ ਪੱਤਰ ਜਾਰੀ



ਨਵੀਂ ਦਿੱਲੀ, 28 ਸਤੰਬਰ, (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਕਾਰਨ ਜਾਨ ਗੁਆ ਚੁੱਕੇ ਲੋਕਾਂ ਦੇ ਵਾਰਸਾਂ ਨੂੰ ਭਾਰਤ ਸਰਕਾਰ ਵੱਲੋਂ ਆਰਥਿਕ ਮਦਦ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸੰਬੰਧ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕੋਰੋਨਾ ਨਾਲ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 50-50 ਹਜ਼ਾਰ ਰੁਪਏ ਦੀ ਮਦਦ ਦੇਣ ਦਾ ਆਦੇਸ਼ ਅੱਜ ਜਾਰੀ ਕਰ ਦਿੱਤਾ ਹੈ। ਗ੍ਰਹਿ ਮੰਤਰਾਲੇ ਨੇ ਇਸ ਬਾਰੇ ਸਾਰੇ ਰਾਜਾਂ ਦੇ ਚੀਫ ਸੈਕਟਰੀਆਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਪੀੜਤਾਂ ਨੂੰ ਏਦਾਂ ਦੀ ਮਦਦ ਲਈ ਸਟੇਟ ਡਿਜਾਸਟਰ ਰਿਸਪਾਂਸ ਫੰਡ (ਐੱਸਡੀਆਰਐੱਫ) ਤੋਂ ਪੈਸੇ ਦਿੱਤੇ ਜਾਣ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਨੈਸ਼ਨਲ ਡਿਜਾਸਟਰ ਮੈਨੇਜਮੈਂਟ ਅਥਾਰਟੀ (ਐੱਨਡੀਐੱਮਏ) ਨੇ ਕੋਰੋਨਾ ਮਹਾਮਾਰੀ ਕਾਰਨ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਸੁਝਾਅ ਦਿੱਤਾ ਹੈ। ਇਨ੍ਹਾਂ ਮ੍ਰਿਤਕਾਂ ਵਿੱਚ ਰਾਹਤ ਮੁਹਿੰਮ ਅਤੇ ਕੋਰੋਨਾ ਨਾਲ ਨਜਿੱਠਣ ਦੇ ਪ੍ਰਬੰਧਾਂ ਨਾਲ ਜੁੜੇ ਉਹ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਦੀ ਮਹਾਮਾਰੀ ਨਾਲ ਮੌਤ ਹੋਣ ਦੀ ਪੁਸ਼ਟੀ ਹੋਈ ਹੈ। ਸੁਪਰੀਮ ਕੋਰਟਕੋਰੋਨਾ ਨਾਲ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਆਰਥਿਕ ਮਦਦ ਦੇਣ ਦੀ ਮੰਗ ਵਾਲੀ ਇਕ ਜਨਹਿੱਤ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਸੀ।ਇਸ ਮੌਕੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦਾਇਰ ਐਫੀਡੇਵਿਟ ਵਿੱਚ ਕਿਹਾ ਸੀ ਕਿ ਐੱਨਡੀਐੱਮਏ ਵੱਲੋਂਏਦਾਂ ਦੀ ਮਦਦ ਦੀ ਰਕਮ ਦਾ ਭੁਗਤਾਨ ਰਾਜ ਸਰਕਾਰਾਂਵੱਲੋਂ ਐੱਸਡੀਆਰਐੱਫ ਵਿੱਚੋਂ ਕੀਤਾ ਜਾਵੇਗਾ। ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਨੇ ਪੱਤਰ ਵਿੱਚ ਕਿਹਾ ਹੈ ਕਿਇਹ ਮਦਦ ਰਾਸ਼ੀ ਦੇਣ ਦਾ ਫ਼ੈਸਲਾ ਦੇਸ਼ ਵਿੱਚ ਕੋਰੋਨਾ ਇਨਫੈਕਸ਼ਨ ਦਾ ਪਹਿਲਾ ਕੇਸਪਤਾ ਲੱਗਣ ਦੇ ਦਿਨ ਤੋਂ ਲਾਗੂ ਹੋਵੇਗਾ ਅਤੇ ਆਫਤ ਵਜੋਂ ਕੋਰੋਨਾ ਦੀ ਸੂਚਨਾ ਰੱਦ ਹੋਣ ਜਾਂ ਅਗਲੇ ਆਦੇਸ਼ ਤਕ ਜਾਰੀ ਰਹੇਗਾ। ਕੇਂਦਰ ਸਰਕਾਰ ਨੇ ਕੋਰੋਨਾ ਨੂੰ ਇਸ ਸਾਲ 14 ਮਾਰਚ ਨੂੰ ਆਫਤ ਵਜੋਂ ਨੋਟੀਫਾਈ ਕੀਤਾ ਸੀਤੇ ਕੇਂਦਰੀ ਸਿਹਤ ਮੰਤਰਾਲੇ ਮੁਤਾਬਕ ਦੇਸ਼ ਵਿੱਚਇਸ ਨਾਲ ਲਗਪਗ ਸਾਢੇ ਚਾਰ ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

# ਪੰਜਾਬ ਕਿੰਨਾ ਕੁ ਨਰੋਆ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋਬਾ: 96537-90000

ਕਈ ਮਹੀਨਿਆਂ ਤੋਂ "ਨਵਾਂ ਨਰੋਆ ਪੰਜਾਬ" ਦੇ ਇਸ਼ਤਿਹਾਰ ਅਖ਼ਬਾਰਾਂ ਅਤੇ ਸੜਕਾਂ ਤੇ ਆਮ ਦਿਖਾਈ ਦਿੰਦੇ ਹਨ। ਨਰੋਆ ਦੇ ਸ਼ਬਦੀ ਅਰਥ ਦੀ ਗੱਲ ਕਰੀਏ ਤਾਂ ਨਰੋਆ ਦਾ ਮਤਲਬ ਹੈ ਤਾਕਤਵਰ, ਮਜ਼ਬੂਤ, ਖੁਸ਼ਹਾਲ, ਸੁਣਕੇ ਬੜੀ ਖੁਸ਼ੀ ਹੁੰਦੀ ਹੈ ਸਾਡੇ ਪੰਜਾਬ ਨੂੰ ਇਹਨਾਂ ਸ਼ਬਦਾਂ ਨਾਲ ਨਿਵਾਜਿਆ ਜਾ ਰਿਹਾ ਹੈ। ਪਰ ਫੇਰ ਮਨ ਦੇ ਵਿੱਚ ਗੱਲ ਆਉਂਦੀ ਹੈ ਜੇ ਇਹ ਸੱਚ ਹੈ ਤਾਂ ਹਰ ਵਰਗ ਸੜਕਾਂ ਤੇ ਕਿਉਂ ਰੁਲ ਰਿਹਾ ਹੈ, ਚਾਹੇ ਉਹ ਕਿਸਾਨ ਹੋਣ, ਮਾਸਟਰ ਹੋਣ, ਬੇਰੋਜ਼ਗਾਰ ਨੌਜਵਾਨ। ਆਏ ਦਿਨ ਅਖ਼ਬਾਰਾਂ ਵਿੱਚ ਖੁਦਕੁਸ਼ੀਆਂ, ਨਸ਼ੇ ਕਾਰਨ ਮੌਤਾਂ ਅਤੇ ਲੁਟਾਂ ਖੋਹਾਂ, ਦਾਜ ਦਹੇਜ਼ ਤੇ ਠੱਗੀ, ਧੋਖਾਧੜੀ ਅਤੇ ਨਜ਼ਾਇਜ ਕਬਜਿਆਂ ਦੀਆਂ ਖਬਰਾਂ ਨਾਲ ਹੀ ਅਖਬਾਰਾਂ ਭਰੀਆਂ ਹੁੰਦੀਆਂ ਹਨ। ਪਰ ਦੂਜੇ ਪਾਸੇ ਕਿਸਾਨਾਂ ਨੂੰ ਖੇਤੀ ਲਈ ਮੁਫਤ ਬਿਜਲੀ, ਦਲਿੱਤਾਂ ਅਤੇ ਪੱਛੜੀਆਂ ਜਾਤੀਆਂ ਨੂੰ 200 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ, ਕਾਰਖਾਨਿਆਂ ਨੂੰ ਬਿਜਲੀ ਉਪਰ ਸਬਸਿਡੀ, ਗਰੀਬਾਂ ਨੂੰ ਸਸਤਾ ਅਨਾਜ਼, ਬੁੱਢਾਪਾ ਪੈਨਸ਼ਨ ਅਤੇ ਔਰਤਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ, ਸਰਕਾਰੀ ਸਕੂਲਾਂ ਵਿੱਚ ਮੁਫ਼ਤ ਵਿੱਦਿਆ ਅਤੇ ਹਸਪਤਾਲਾਂ ਵਿੱਚ ਸਸਤਾ ਇਲਾਜ਼ ਇਹ ਖੁਸ਼ਹਾਲ ਪੰਜਾਬ ਦੀਆਂ ਨਿਸ਼ਾਨੀਆਂ ਹਨ। ਆਉ ਜਰਾ ਇਸ ਦੀ ਵਿਸ਼ਲੇਸ਼ਣ ਕਰੀਏ ਕੇ ਵਾਕਿਆ ਹੀ ਸਾਡਾ ਸੂਬਾ ਇੱਕ ਖੁਸ਼ਹਾਲ ਅਤੇ ਨਰੋਈ ਆਰਥਿਕਤਾ ਵਲ ਵੱਧ ਰਿਹਾ ਹੈ ਕਿ ਸਿਰਫ ਵੋਟ ਰਾਜਨੀਤੀ ਤਹਿਤ ਇਹ ਸਭ ਕੁਝ ਕੀਤਾ ਜਾ ਰਿਹਾ ਹੈ।

*ਕਰਜ਼ਾ :* ਪੰਜਾਬ ਭਾਰਤ ਦਾ ਨੰਬਰ ਇੱਕ ਸੂਬਾ ਸੀ ਪ੍ਰਤੀ ਜੀ ਆਮਦਨ ਦੇ ਲਿਹਾਜ ਨਾਲ, 2001 ਵਿੱਚ ਇਹ ਚਾਰ ਨੰਬਰ ਤੇ ਆਇਆ ਅੱਜ ਇਹ 19ਵੇਂ ਸਥਾਨ ਤੇ ਹੈ । ਸਾਲ 2017 ਵਿੱਚ ਜਦੋਂ ਸਰਕਾਰ ਬਦਲੀ ਉਸ ਵੇਲੇ 1.95 ਲੱਖ ਕਰੋੜ ਪੰਜਾਬ ਸਿਰ ਕਰਜਾ ਸੀ। ਕਰਜ਼ਾ ਪਹਿਲੀ ਸਰਕਾਰ ਜਾਣ ਦਾ ਇੱਕ ਕਾਰਨ ਬਣਿਆ ਸੀ ਕਿਉਂਕਿ ਉਹਨਾਂ ਮੁਤਾਬਕ ਵੀ ਖਜ਼ਾਨਾ ਖਾਲੀ ਸੀ। ਜਿਸ ਦਿਨ ਸਰਕਾਰ ਬਦਲਣੀ ਸੀ ਇੱਕ ਦਿਨ ਪਹਿਲਾਂ 30,000 ਕਰੋੜ ਜੋ ਅਨਾਜ਼ ਦੀ ਖਰੀਦ ਦਾ ਸੈਂਟਰ ਨਾਲ ਡਿਸਪਿਊਟ ਵਿੱਚ ਸੀ, ਦੇਣਾ ਮੰਨ ਕੇ ਪੰਜਾਬ ਦੇ ਗਲ ਮੜ੍ਹ ਦਿੱਤਾ। ਪਰ ਇਹ ਕਰਜ਼ਾ ਜਦੋਂ ਸਰਕਾਰ ਬਦਲੀ ਤਾਂ ਇਹ ਕਿਹਾ ਗਿਆ ਸੀ ਕਿ ਇਸ ਨੂੰ ਮੁੜ ਲੀਹ ਤੇ ਲਿਆਂਦਾ ਜਾਊਗਾ ਤਾਂ ਮਨ ਵਿੱਚ ਖਿਆਲ ਸੀ ਕਰਜ਼ਾ ਘਟੂਗਾ ਪਰ ਕਰਜ਼ਾ ਵੱਧ ਕੇ ਅੱਜ ਤਕਰੀਬਨ 3 ਲੱਖ ਕਰੋੜ ਦੇ ਨੇੜੇ ਹੋ ਗਿਆ। ਇਸ ਵੇਲੇ ਸੂਬੇ ਦਾ ਕਰਜਾ ਲੋਕਾਂ ਦੇ ਵਿੱਚ ਵੰਡੀਏ ਤਾਂ 75000/- ਰੁਪਏ ਪ੍ਰਤੀ ਜੀਅ ਆਉਂਦਾ ਇਸ ਸਮੇਂ ਵਿੱਚ ਵੀ ਨੌਕਰੀਆਂ ਨਹੀਂ ਭਰੀਆਂ ਗਈਆਂ ਉਹ ਹੀ ਸਮਾਂ ਦੇਖਣ ਨੂੰ ਮਿਲਿਆ ਕੇ ਅਖ਼ੀਰ ਤੇ ਆ ਕੇ ਨੌਕਰੀਆਂ ਕੱਢੀਆਂ ਗਈਆਂ। ਸੜਕਾਂ ਦੀ ਜਾਲ ਵਿਛਾਈ ਸ਼ੁਰੂ ਹੋਈ ਪਰ ਬਹੁਤਾ ਪੈਸਾ ਪ੍ਰਾਈਵੇਟ ਕੰਪਨੀਆਂ ਦਾ ਲੱਗਿਆ ਕਿਉਂਕਿ ਸਾਰੀਆਂ ਹੀ ਟੋਲ ਰੋਡ ਬਣਾਈਆਂ। ਸੜਕ ਪੂਰੀ ਪਿਛੋਂ ਹੁੰਦੀ ਹੈ ਟੋਲ ਬੈਰੀਅਰ ਪਹਿਲਾਂ ਬਣ ਜਾਂਦੇ ਹਨ।

*ਸਿੱਖਿਆ :* ਇਸ ਸਾਲ ਪੰਜਾਬ ਦੇ ਸਰਕਾਰੀ ਸਕੂਲਾਂ ਨੇ ਨੈਸ਼ਨਲ ਕਾਰਗੁਜ਼ਾਰੀ ਗਰੇਡਿੰਗ ਇੰਡੈਕਸ ਦੇ ਉੱਤੇ ਟੋਪ ਕੀਤਾ ਹੈ। ਪਰ ਉੱਧਰ ਪੜ੍ਹਾਈ ਦੇ ਮਿਆਰ ਤੇ ਅਸੀਂ ਇਸ ਦੇਸ਼ ਵਿੱਚੋਂ 27ਵੇਂ ਸਥਾਨ ਤੇ ਆਏ ਹਾਂ। ਦਰਅਸਲ ਸਕੂਲਾਂ ਵਿੱਚ ਅਧਿਆਪਕ ਤਾਂ ਪੜ੍ਹਾਉਣ ਲਈ ਹੈ ਨਹੀਂ, ਉਹ ਤਾਂ ਬਹੁਤੇ ਜਾਂ ਈ.ਟੀ.ਟੀ, ਟੀ.ਈ.ਟੀ ਕਰਕੇ ਬੇਰੁਜ਼ਗਾਰ ਹਨ ਜਾਂ ਫਿਰ ਕੱਚੇ ਰੱਖੇ ਹੋਏ ਹਨ। ਅਧਿਆਪਕਾਂ ਨੂੰ ਸੂਬੇ ਦਾ ਭਵਿੱਖ ਬਣਾਉਣ ਵਾਲੇ ਥੰਮ ਮੰਨਿਆ ਜਾਂਦਾ ਹੈ ਜਿਸ ਨਾਲ ਸੂਬਾ ਨਰੋਆ ਬਣਦਾ। ਪਰ ਹਾਲਾਤ ਇਹ ਹਨ ਇਹ ਤਾਂ ਵਿਚਾਰੇ ਹਰ ਸਰਕਾਰ ਤੋਂ ਡੰਡੇ ਹੀ ਖਾਂਦੇ ਹਨ ਤੇ ਆਪਣਾ ਭਵਿੱਖ ਪਾਣੀ ਦੀ ਟੈਂਕੀਆਂ ਤੇ ਵੇਖਦੇ ਹਨ। ਸੋ ਕਿਸ ਤਰ੍ਹਾਂ ਇਹਨਾਂ ਹਾਲਾਤਾਂ ਵਿੱਚ ਇਹ ਪੰਜਾਬ ਦੀ ਮਜ਼ਬੂਤੀ ਵਿੱਚ ਯੋਗਦਾਨ ਪਾਉਣਗੇ। ਸੋ 12973 ਸਮਾਰਟ ਸਕੂਲ ਕਿੰਨੇ ਕਾਰਗਰ ਸਾਬਤ ਹੋਣਗੇ ਬਿਨਾਂ ਅਧਿਆਪਕਾਂ ਤੋਂ ਤੇ ਨਵੇਂ ਪ੍ਰੀ ਪ੍ਰਾਈਮਰੀ ਸਕੂਲ ਕਿਵੇਂ ਚੱਲਣਗੇ, ਇਹ ਤਾਂ ਰੱਬ ਹੀ ਜਾਣਦਾ ਹੈ, ਕਿਉਂਕਿ ਜਿਹੜੀਆਂ ਅਸਾਮੀਆਂ ਭਰਨ ਲਈ ਸਰਕਾਰ ਨੇ ਇਸ਼ਤਿਹਾਰ ਦਿੱਤਾ ਸੀ ਉਹ ਮਿਤੀ 26.08.2021 ਨੂੰ ਸਰਕਾਰ ਵੱਲੋਂ ਚਿੱਠੀ ਜਾਰੀ ਕਰਕੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀਆਂ ਅਸਾਮੀਆਂ ਵਾਲੀਆਂ ਨਿਯੁਕਤੀਆਂ ਵਾਪਸ ਲੈ ਲਈਆਂ ਹਨ। ਉਧਰ ਭਾਰਤੀ ਹੁੰਨਰ ਰਿਪੋਰਟ ਮੁਤਾਬਕ 57% ਗਰੈਜੂਏਟ ਨੌਕਰੀ ਦੇ ਕਾਬਲ ਨਹੀਂ ਹਨ। 48 ਸਰਕਾਰੀ ਕਾਲਜਾਂ ਵਿੱਚ 1292 ਅਧਿਆਪਕਾਂ ਦੀ ਜਗ੍ਹਾ ਖਾਲੀ ਹੈ ਜੋ ਤਕਰੀਬਨ 69% ਬਣਦੀ ਹੈ। ਸਾਡੀ ਕੀ ਪੜ੍ਹਾਈ ਹੈ ਕਿ ਸੋਚ ਐਨੀ ਡਿੱਗ ਪਈ ਕਿ ਪਟਵਾਰੀਆਂ ਦੀ ਨੌਕਰੀ ਲਈ ਟੈਸਟ ਦੇਣ ਆਏ ਪ੍ਰੀਖਿਆਰਥੀਆਂ ਦੀਆਂ ਜੁੱਤੀਆਂ ਹੀ ਸੈਂਟਰ ਤੋਂ ਬਾਹਰ ਲੁਹਾ ਦਿੱਤੀਆਂ ਗਈਆਂ, ਕੀ ਪਤਾ ਕੱਲ੍ਹ ਨੂੰ ਕੋਈ ਨਵੇਂ ਹਾਕਮ ਕੱਪੜੇ ਹੀ ਲੁਹਾਉਣ ਲਈ ਤੁਰ ਪੈਣ।

*ਖੇਤੀ:* ਅੱਜ ਸਾਡੀ ਖੇਤੀ ਜਿਸ ਮੋੜ ਤੇ ਖੜ੍ਹੀ ਹੈ ਉੱਥੇ ਕਰਜ਼ੇ, ਆਤਮ-ਹੱਤਿਆ ਅਤੇ ਬੇਰੁਜ਼ਗਾਰੀ ਹੋਰ ਵਧੇਗੀ । ਕੋਈ ਵੀ ਸਿਆਸੀ ਪਾਰਟੀ ਉਹਨਾਂ ਨੂੰ ਇਸ ਵਿਚੋਂ ਕੱਢਣ ਦੀ ਕੋਈ ਸਕੀਮ ਨਹੀਂ ਬਣਾ ਰਹੀ। ਅੱਜ ਸਾਡੀ ਮੁੱਖ ਸਮੱਸਿਆ ਅਨਾਜ਼ ਦੀ ਪੈਦਾਵਾਰ ਦੀ ਨਹੀਂ ਬਲਕਿ ਪੈਦਾਵਾਰ ਨੂੰ ਕਿਵੇਂ ਤੇ ਕਿਥੇ ਵੇਚਿਆ ਜਾਵੇ ਕਿ ਇਸ ਦਾ ਲਾਹੇਵੰਦ ਮੁੱਲ ਮਿਲ ਜਾਵੇ। ਅੱਜ ਦੱਸਣ ਨੂੰ ਅੰਕੜੇ ਬਹੁਤ ਵਧੀਆ ਹਨ ਕਿ 8.65 ਲੱਖ ਕਿਸਾਨ ਪਰਿਵਾਰਾਂ ਦੀ 27000 ਕਰੋੜ ਦੀ ਕਣਕ ਖਰੀਦੀ ਗਈ। ਇਹ ਤਾਂ ਖਰੀਦੀ ਹੈ ਕਿਉਂਕਿ ਕੇਂਦਰ ਵੱਲੋਂ ਸੀ.ਸੀ. ਲਿਮਿਟ ਆਈ ਸੀ। ਪਰ ਜੋ ਕੇਂਦਰ ਸਰਕਾਰ ਦਾ ਰਵੱਈਆ ਉਸਤੋਂ ਤਾਂ ਅੱਗੇ ਦਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। ਸਰਕਾਰੀ ਖਰੀਦ ਬੰਦ ਹੁੰਦੀ ਹੈ ਤਾਂ ਕਿਸਾਨਾਂ ਦੀ ਆਮਦਨ ਘਟੇਗੀ ਹੈ ਜਿਸ ਦਾ ਸਿੱਧਾ ਅਨੁਮਾਨ ਹੈ ਕਿ ਤਕਰੀਬਨ 20000 ਕਰੋੜ ਘੱਟੇਗੀ। ਉਸਦਾ ਸਿੱਧਾ ਅਸਰ ਸੂਬੇ ਦੇ ਬਾਕੀ ਖੇਤਰਾਂ ਉੱਤੇ ਪੈਣਾ, ਕਿਉਂਕਿ ਸਾਡਾ ਸੂਬਾ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ । ਪੰਜਾਬ ਨਰੋਆ ਤਾਂ ਬਣਦਾ ਜੇ ਅਸੀਂ ਆਪਣੀਆਂ ਜਿਨਸਾਂ ਦੀ ਮਾਰਕੀਟ ਲਈ ਕੇਂਦਰ ਸਰਕਾਰ ਤੇ ਹੀ ਨਿਰਭਰ ਨਾ ਰਹਿਣਾ ਪੈਂਦਾ । ਅੱਗੋਂ ਕੇਂਦਰ ਸਰਕਾਰ ਖਰੀਦ ਰੋਕਣ ਲਈ ਅਤੇ ਘਟਾਉਣ ਲਈ ਸਦੀਆਂ ਤੋਂ ਚੱਲਦੇ ਨਿਯਮਾਂ ਨੂੰ ਬਦਲ ਕੇ ਨਵੇਂ ਨਿਯਮ ਬਣਾਈ ਜਾ ਰਹੀ ਹੈ । ਜਿਸ ਦਾ ਸਿੱਧਾ ਮਤਲਬ ਕੇ ਮੰਡੀ ਵਿੱਚ ਆਈ ਫ਼ਸਲ ਨੂੰ ਕੁਆਲਟੀ ਦਾ ਬਹਾਨਾ ਬਣਾ ਕੇ ਖਰੀਦ ਤੋਂ ਟਾਲਾ ਵੱਟਣਾ, ਸਰਕਾਰ ਦੀ ਰੀਜੈਕਟ ਕੀਤੀ ਉਪਜ ਵਪਾਰੀ ਘੱਟ ਭਾਅ ਤੇ ਖਰੀਦ ਕੇ ਲੋਕਾਂ ਨੂੰ ਸਰਕਾਰ ਨਾਲੋਂ ਵੱਧ ਭਾਅ ਤੇ ਵੇਚੇਗਾ।

*ਸੰਨਤਾਂ:* ਕਈਆਂ ਨੂੰ ਅਡਾਨੀ ਦੇ ਡਰਾਈ ਪੋਰਟ ਬੰਦਾ ਹੋਣ ਦਾ ਬੜਾ ਦੁੱਖ ਲੱਗਾ ਤੇ ਖ਼ਬਰਾਂ ਵੀ ਛੱਪੀਆਂ ਨੇ 400 ਲੋਕ ਬੇਰੁਜ਼ਗਾਰ ਹੋਏ। ਪਰ ਉਸ ਵੇਲੇ ਕਿਉਂ ਕੋਈ ਨਹੀਂ ਬੋਲਿਆ ਜਦੋਂ 2018 ਸਤੰਬਰ ਤੱਕ 7198 ਐੱਮ.ਐੱਸ.ਐੱਮ.ਈ. (ਛੋਟੇ ਤੇ ਮੱਧਮ ਲੈਵਲ ਦੇ ਕਾਰਖਾਨੇ ਬੰਦ ਹੋਏ)। ਜੇ ਔਸਤਨ ਇੱਕ ਕਾਰਖਾਨੇ ਵਿੱਚ 5 ਬੰਦੇ ਵੀ ਕੰਮ ਕਰਦੇ ਲਾਵਾਂ ਤਾਂ ਤਕਰੀਬਨ 35000 ਲੋਕ ਬੇਰੁਜ਼ਗਾਰ ਹੋਏ। ਉਸ ਵੇਲੇ ਸਰਕਾਰ ਨੂੰ ਇਹਨਾਂ ਦੀ ਗੱਲ ਸੁਣ ਕੇ ਜਾਇਜ ਸਹਾਇਤਾ ਕਰਨੀ ਚਾਹੀਦੀ ਸੀ। ਕਿੰਨੇ ਛੋਟੇ ਕਾਰਖਾਨੇ ਕਰੋਨਾ ਦੀ ਮਹਾਂਮਾਰੀ ਦੌਰਾਨ ਜਾਂ ਉਸ ਤੋਂ ਬਾਅਦ ਬੰਦ ਹੋਏ ਉਸਦਾ ਕੋਈ ਹਿਸਾਬ ਨਹੀਂ। ਇਸ ਵੇਲੇ ਪੰਜਾਬ ਨੂੰ ਨਰੋਆ ਬਣਾਉਣ ਲਈ ਸਾਨੂੰ ਵੱਡੇ ਇੱਕ ਅੱਧੇ ਕਾਰਖਾਨੇ ਨਾਲੋਂ ਛੋਟਿਆਂ ਤੇ ਧਿਆਨ ਦੇਣਾ ਚਾਹੀਦਾ ਤਾਂ ਜੋ ਲੋਕਾਂ ਨੂੰ ਰੁਜ਼ਗਾਰ ਮਿਲੇ ਤੇ ਅਸੀਂ ਆਪਣੀਆਂ ਜ਼ਰੂਰੀ ਵਸਤੂਆਂ ਵਿੱਚ ਆਤਮ ਨਿਰਭਰ ਹੋਈਏ ਨਾ ਕੇ ਚੀਨ ਵਰਗੇ ਦੇਸ਼ਾਂ ਤੇ ਨਿਰਭਰ ਰਹੀਏ ।

*ਵਿਦੇਸ਼ਾਂ ਵੱਲ ਦੌੜ:* ਪੰਜਾਬ ਦਾ ਨਰੋਆਪਣ ਕਿਸ ਤਰ੍ਹਾਂ ਦੇਖਾਂ ਜਦੋਂ ਪੰਜਾਬ ਦੀ ਜਵਾਨੀ ਬਾਹਰ ਜਾਣ ਨੂੰ ਮਜ਼ਬੂਰ ਕੀਤੀ ਜਾ ਰਹੀ। ਹਰ ਸਾਲ ਤਕਰੀਬਨ 1.5 ਲੱਖ ਬੱਚਾ ਬਾਹਰ ਜਾ ਰਿਹਾ ਹੈ, ਪੜ੍ਹਾਈ ਵਾਸਤੇ ਤੇ ਤਕਰੀਬਨ ਇੱਕ ਬੱਚਾ 20 ਤੋਂ 25 ਲੱਖ ਲੈ ਕੇ ਬਾਹਰ ਜਾ ਰਿਹਾ ਹੈ ਜਿਸ ਦਾ ਮਤਲਬ ਹਰ ਸਾਲ 30,000/- ਕਰੋੜ ਰੁਪਏ ਬਾਹਰ ਜਾ ਰਹੇ ਹਨ। ਜਿੱਥੇ ਪੰਜਾਬ ਨੂੰ ਆਰਥਿਕ ਮੰਦਹਾਲੀ ਵੱਲ ਧੱਕਿਆ ਜਾ ਰਿਹਾ ਹੈ ਉਥੇ ਹੀ ਸਾਡੇ ਹੱਥੋਂ ਸਾਡੇ ਹੋਣਹਾਰ ਨੌਜਵਾਨ ਭੀ ਸੂਬੇ ਤੋਂ ਬਾਹਰ ਜਾ ਕੇ ਵੱਸ ਰਹੇ ਹਨ। ਜਰਾ ਸੋਚੋ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਪੰਜਾਬ ਵਿੱਚ ਪੰਜਾਬੀ ਘੱਟਦੇ ਜਾਣਗੇ ਅਤੇ ਦੂਜੇ ਸੂਬਿਆਂ ਤੋਂ ਆ ਕੇ ਲੋਕੀ ਇੱਥੇ ਵਸਦੇ ਜਾਣਗੇ। ਅੱਜ ਕਈ ਧੰਦਿਆਂ ਤੇ ਗ਼ੈਰ ਪੰਜਾਬੀਆਂ ਦਾ ਕਬਜ਼ਾ ਹੈ ਜਿਵੇਂ ਸਬਜ਼ੀ ਫਰੂਟ ਦਾ ਪ੍ਰਚੂਨ ਵਪਾਰ, ਕਾਰਖਾਨਿਆਂ ਵਿੱਚ ਲੇਬਰ, ਮਕਾਨ ਉਸਾਰੀ ਦਾ ਧੰਦਾ। ਨੌਜਵਾਨਾਂ ਦਾ ਬਾਹਰ ਜਾਣ ਦਾ ਸਭ ਤੋਂ ਵੱਡਾ ਕਾਰਨ ਹੈ, ਸਾਡੀ ਪੜ੍ਹਾਈ ਵਿੱਚ ਨਿਘਾਰ ਅਤੇ ਬੇਰੋਜ਼ਗਾਰੀ। ਆਮ ਲੋਕਾਂ ਨੂੰ ਸਰਕਾਰੀ ਤੰਤਰ ਤੇ ਕੋਈ ਭਰੋਸਾ ਨਹੀਂ ਰਿਹਾ ਕੇ ਏਥੇ ਕਿਸੇ ਤਰ੍ਹਾਂ ਦਾ ਕੋਈ ਸੁਧਾਰ ਹੋ ਰਿਹਾ ਹੈ ।

*ਬੇਰੁਜ਼ਗਾਰੀ:* ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ ਤਕਰੀਬਨ 7.3 ਪ੍ਰਤੀਸ਼ਤ ਦੇ ਕਰੀਬ ਹੈ ਜੋ ਕਿ ਆਸ ਪਾਸ ਦਿਆਂ ਸੂਬਿਆਂ ਨਾਲੋਂ ਭੋਰਾ ਜ਼ਿਆਦਾ ਹੀ ਹੈ । ਪੰਜਾਬ ਵਿੱਚ ਹਾਇਰ ਸੈਕੰਡਰੀ ਪਾਸ ਬੇਰੋਜ਼ਗਾਰਾਂ ਦੀ ਦਾਰ 10.5 ਪ੍ਰਤੀਸ਼ਤ, ਡਿਪਲੋਮਾ ਸਰਟੀਫਿਕੇਟ 13.1 ਪ੍ਰਤੀਸ਼ਤ, ਗ੍ਰੈਜੂਏਟ 14.5 ਪ੍ਰਤੀਸ਼ਤ ਅਤੇ ਪੋਸਟ ਗ੍ਰੈਜੂਏਟਸ 14.1 ਪ੍ਰਤੀਸ਼ਤ ਹੈ। ਸਰਕਾਰ ਨੇ ਸਾਡੇ ਚਾਰ ਸਾਲਾਂ ਵਿੱਚ 6 ਜੋਬ ਫੇਅਰ ਕੀਤੇ ਜਿਸ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ 17 ਲੱਖ ਨੌਕਰੀਆਂ ਦਿੱਤੀਆਂ ਗਈਆਂ, ਮਤਲਬ 2,83,333 ਲੋਕਾਂ ਨੂੰ ਹਰ ਜੋਬ ਫੇਅਰ ਵਿੱਚ ਨੌਕਰੀ ਮਿਲੀ ਪਰ ਅਖ਼ਬਾਰਾਂ ਦੀਆਂ ਰਿਪੋਰਟਾਂ ਤਾਂ ਹਜ਼ਾਰਾਂ ਵਿੱਚ ਹੀ ਦੱਸਦੀਆਂ ਹਨ। ਜਦਕਿ ਆਰਥਿਕ ਸਰਵੇਖਣ 2021 ਵਿੱਚ ਪੰਜਾਬ ਅਖ਼ੀਰਲੇ ਪੰਜ ਸੂਬਿਆਂ ਵਿੱਚ ਆਉਂਦਾ ਹੈ ਬਿਹਾਰ ਨਾਲ। ਅਜੇ ਤਾਂ ਖੇਤੀ ਅਤੇ ਪ੍ਰਵਾਸ ਬਚਾਈ ਬੈਠਾ ਪੰਜਾਬ ਨੂੰ ਕਿ ਖੇਤੀ ਵਿੱਚ ਕੰਮ ਘੱਟ ਵੀ ਹੋਵੇ ਰੋਜ਼ਗਾਰ ਵਿੱਚ ਗਿਣ ਲੈਂਦੇ ਹਨ। ਖੇਤੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਬੇਰੋਜ਼ਗਾਰੀ ਹੋਰ ਵਧੇਗੀ ਅਤੇ ਇਸਦੇ ਘੱਟਣ ਦੀ ਕੋਈ ਆਸ ਨਹੀਂ। ਨਸ਼ਿਆਂ ਦੀ ਭੀ ਅਸਲ ਜੜ੍ਹ ਬੇਰੋਜ਼ਗਾਰੀ ਹੈ, ਵਿਹਲਾ ਮਨ ਸ਼ੈਤਾਨ ਦਾ ਘਰ ।

*ਕਾਨੂੰਨ ਵਿਵਸਥਾ:* ਕਾਨੂੰਨ ਵਿਵਸਥਾ ਦਾ ਰੱਬ ਹੀ ਰਾਖਾ ਹੈ ਹਰ ਰੋਜ਼ ਦਿਨ ਦਿਹਾੜੇ ਕਤਲੇਆਮ ਦੀ ਗੱਲ ਸੁਣਨ ਤੇ ਪੜ੍ਹਨ ਨੂੰ ਮਿਲਦੀ। ਅੱਜ ਕੱਲ੍ਹ ਤਾਂ ਪੁਲਿਸ ਤੇ ਭੀ ਹਮਲੇ ਹੋਣ ਲੱਗ ਪਏ, ਕਿਤੇ ਨਾ ਕਿਤੇ ਗੈਂਗ ਵਾਰ ਦੀ ਖ਼ਬਰ ਭੀ ਆਉਂਦੀ। ਇਹ ਸਭ 2014 ਤੋਂ ਜ਼ਿਆਦਾ ਪ੍ਰਚੱਲਿਤ ਹੋਇਆ। ਜਦੋਂ ਲੁਧਿਆਣਾ ਦੇ ਸਰਾਭਾ ਨਗਰ ਵਿੱਚ 100 ਗੋਲੀਆਂ ਚੱਲੀਆਂ ਸੀ। ਉਸ ਤੋਂ ਬਾਅਦ ਇਸ ਵਿੱਚ ਇਜਾਫਾ ਹੀ ਹੋਇਆ। ਸਰਕਾਰਾਂ ਬਦਲ ਗਈਆਂ ਪਰ ਇਸ ਨੂੰ ਠੱਲ੍ਹ ਪਾਉਣ ਵਿੱਚ ਹਰ ਸਰਕਾਰ ਨਾਕਾਮ ਰਹੀ ਹੈ। ਲੁੱਟਾਂ, ਖੋਹਾਂ, ਚੈਨਾਂ ਖੋਹਣ ਤੋਂ ਅੱਗੇ, ਘਰਾਂ ਅਤੇ ਦੁਕਾਨਾਂ ਵਿੱਚ ਵੜ ਗਈ, ਕਾਰਾਂ ਦਿਨ ਦਿਹਾੜੇ ਹੀ ਖੋ ਲਈਆਂ ਜਾਂਦੀਆਂ ਹਨ। ਰੋਡ ਰੇਜ ਆਮ ਜਿਹੀ ਗੱਲ ਹੈ ਅਤੇ ਦਿਨ ਦਿਹਾੜੇ ਭਰੇ ਬਜਾਰ ਮਾਰ ਕੁਟਾਈ ਮਮੂਲੀ ਗੱਲਾਂ ਬਣ ਗਈਆਂ ਹਨ। ਨਜ਼ਾਇਜ਼ ਹਥਿਆਰਾਂ ਦੀ ਭਰਮਾਰ ਹੈ, ਆਮ ਲੋਕਾਂ ਦਾ ਅਨੁਮਾਨ ਹੈ ਕਿ ਲਾਇਸੰਸੀ ਹਥਿਆਰਾਂ ਨਾਲੋਂ ਨਜਾਇਜ਼ ਜ਼ਿਆਦਾ ਹਨ। ਤਰਾਸਦੀ ਇਹ ਹੈ ਕਿ ਵੋਟਾਂ ਦੀ ਆੜ ਵਿੱਚ ਲਾਇਸੰਸੀ ਹਥਿਆਰ ਜਿਹੜੇ ਭਲੇਮਾਣਸ ਲੋਕਾਂ ਨੇ ਪੁਲਿਸ ਤੋਂ ਵੈਰੀਫਿਕੇਸ਼ਨ ਕਰਾ ਕੇ ਹਜ਼ਾਰਾਂ ਰੁਪਏ ਫੀਸ ਭਰਕੇ ਲਏ ਹਨ, ਉਹ ਤਾਂ ਜਮ੍ਹਾਂ ਕਰਵਾ ਲਏ ਜਾਂਦੇ ਹਨ । ਕਾਨੂੰਨ ਵਿਵਸਥਾ ਠੀਕ ਹੋਵੇ ਤਾਂ ਲੋਕਾਂ ਨੂੰ ਆਪਣੇ ਹਥਿਆਰ ਰੱਖਣ ਦੀ ਲੋੜ ਹੀ ਨਹੀਂ ਹੈ। ਲਾਇਸੰਸੀ ਹਥਿਆਰਾਂ ਦੀ ਰਿਨੀਊਲ ਫੀਸ ਹੀ ਅੱਠ - ਦੱਸ ਹਜ਼ਾਰ ਦਾ ਖਰਚਾ ਅਤੇ ਸਿਵਲ ਹਸਪਤਾਲ ਵਿੱਚ ਮੈਡੀਕਲ ਲਈ ਖੱਜਲ-ਖੁਆਰੀ ਸਹਿਣੀ ਪੈਂਦੀ ਹੈ। ਮੇਰੀ ਸਰਕਾਰ ਨੂੰ ਬੇਨਤੀ ਹੈ ਕੇ ਵੋਟਾਂ ਵੇਲੇ ਲਾਇਸੰਸੀ ਹਥਿਆਰ ਜਮਾਂ ਕਰਵਾਉਣ ਬਾਬਤ ਜ਼ਰੂਰ ਸੋਚੋ। ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਨਰੋਆ ਤਾਂ ਮੰਨਿਆ ਜਾਵੇ ਜੇ ਸਾਡੇ ਵੀ.ਆਈ.ਪੀਜ਼ ਇੱਕ ਗੰਨਮੈਨ ਨਾਲ ਸੜਕਾਂ ਤੇ ਚੱਲਣ।

*ਬਿਜਲੀ:* ਇਸ ਤੇ ਸਿਆਸਤ ਭੱਖੀ ਹੋਈ ਹੈ, ਸਰਕਾਰ ਤੇ ਮਹਿੰਗੀ ਬਿਜਲੀ ਮੁਹੱਈਆ ਕਰਾਉਣ ਦੇ ਦੋਸ਼ ਹਨ । ਉਧਰ ਵਿਰੋਧੀ ਪਾਰਟੀਆਂ ਮੁਫ਼ਤ ਬਿਜਲੀ ਦੀ ਗੱਲ ਤਾਂ ਕਰਦੀਆਂ ਹਨ ਪਰ ਕੋਈ ਪੁਖਤਾ ਰਸਤਾ ਨਹੀਂ ਦਿਖਾਉਂਦੀਆਂ ਕੇ ਮੁਫਤ ਬਿਜਲੀ ਦੇ ਲਈ ਪੈਸੇ ਕਿੱਥੋਂ ਆਉਣਗੇ। ਬਾਕੀਆਂ ਲਈ ਬਿਜਲੀ ਕਿੰਨੀ ਸਸਤੀ ਹੋਵੇਗੀ। ਇਸ ਤੋਂ ਇਲਾਵਾ ਇੱਕ ਪਾਰਟੀ ਤਾਂ ਸਾਡੇ ਥਰਮਲ ਹੀ ਬੰਦ ਕਰਾਉਣ ਲਈ ਸੁਪਰੀਮ ਕੋਰਟ ਤੱਕ ਹੋ ਆਈ। ਹੁਣ ਸੋਚਣ ਵਾਲੀ ਗੱਲ ਤਾਂ ਇਹ ਹੈ ਕੇ ਜੇ ਸਾਡੇ ਥਰਮਲ ਪਲਾਂਟ ਹੀ ਬੰਦ ਹੋ ਗਏ ਤਾਂ ਕੱਲ੍ਹ ਨੂੰ ਪ੍ਰਾਈਵੇਟ ਤੇ ਕੇਂਦਰ ਨੇ ਵੀ ਸਾਨੂੰ ਬਿਜਲੀ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਫਿਰ ਉਸ ਵੇਲੇ ਅਸੀਂ ਕੀ ਕਰਾਂਗੇ। ਸਰਕਾਰ ਟਿਊਬਵੈੱਲਾਂ ਨੂੰ ਫਰੀ ਬਿਜਲੀ ਤੇ ਤਾਂ ਆਵਦੀ ਪਿੱਠ ਠੱਪ-ਠਪਾਉਂਦੀ ਹੈ, ਪਰ ਸਰਕਾਰ ਨੂੰ ਇਹ ਯਾਦ ਹੀ ਨਹੀਂ ਕਿ ਜਨਰਲ ਕੈਟੇਗਰੀ ਵਿੱਚ ਅਰਜ਼ੀਆਂ 2000 ਤੋਂ ਬਾਅਦ ਦੀਆਂ ਪੈਂਡਿੰਗ ਪਈਆਂ ਹਨ। ਉਹਨਾਂ ਨੂੰ ਆਪਣੇ ਖਰਚੇ ਤੇ ਭੀ ਕੁਨੈਕਸ਼ਨ ਨਹੀਂ ਦਿੰਦੇ ਉਹਨਾਂ ਨੇ ਕੀ ਕਸੂਰ ਕੀਤਾ ਹੈ। ਜਦੋਂ ਕਿੱਤੇ ਕੁਨੈਕਸ਼ਨ ਖੋਲ੍ਹੇ ਜਾਂਦੇ ਹਨ ਉਹ ਖਾਸ ਕੋਟੇ ਦੇ ਅਧੀਨ ਹੀ ਦਿੱਤੇ ਜਾਂਦੇ ਹਨ।

*ਮੁਫ਼ਤ ਦੀ ਰਾਜਨੀਤੀ:* ਇਸ ਤੋਂ ਇਲਾਵਾ ਹੋਰ ਚੀਜ਼ਾਂ ਵੀ ਫਰੀ-ਫਰੀ ਦਾ ਨਾਅਰਾ ਲੱਗ ਰਿਹਾ ਹਰ ਪਾਰਟੀ ਫਰੀ ਦੀ ਰਾਜਨੀਤੀ ਨੂੰ ਵਧਾਉਣ ਲੱਗੀ ਹੈ ਕੋਈ 300 ਯੂਨਿਟ ਤੇ ਕੋਈ 400 ਯੂਨਿਟ ਫਰੀ ਬਿਜਲੀ ਉਧਰ ਫਰੀ ਮੋਬਾਈਲ, ਲੈਪਟੋਪ, ਬੱਸ ਸੇਵਾ ਆਦਿ। ਕਦੇ ਸੋਚਿਆ ਕਿ ਇਹ ਫਰੀ ਕਿੰਨਾਂ ਚਿਰ ਚੱਲੂਗਾ । ਜਿਸ ਦਿਨ ਇਹ ਸਰਕਾਰੀ ਅਦਾਰੇ ਬੰਦ ਹੋ ਗਏ ਫੇਰ ਪ੍ਰਾਈਵੇਟ ਵਾਲੇ ਮਨਮਰਜ਼ੀ ਦਾ ਰੇਟ ਲਗਾਉਣਗੇ। ਇਸ ਦੇ ਨਾਲ ਦੀ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਵੰਡਿਆ ਗਿਆ ਹੈ। ਹਰ ਸਾਲ ਦੋ ਸਕੀਮਾਂ ਤਹਿਤ ਸਸਤਾ ਰਾਸ਼ਨ ਵੰਡਿਆ ਜਾਂਦਾ ਹੈ ਜਿਵੇਂ ਕਿ ਪ੍ਰਾਇਰਟੀ ਹਾਊਸ ਹੋਲਡ ਸਕੀਮ ਜੋ ਸੂਬੇ ਚਲਾਉਂਦੇ ਹਨ ਇਹਨਾਂ ਵਿੱਚ 35 ਕਿਲੋ ਦਾਣੇ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਏ.ਏ.ਵਾਈ (ਅਐ) ਜੋ ਅਟੱਲ ਬਿਹਾਰੀ ਵਾਜਪਾਈ ਵੇਲੇ ਸ਼ਾਂਤਾ ਕੁਮਾਰ ਦੀ ਰਿਪੋਰਟ ਤੇ ਲਾਗੂ ਹੋਈ ਸੀ ਵਿੱਚ ਇੱਕ ਕਰੋੜ ਗਰੀਬ ਤੋਂ ਗਰੀਬ ਲੋਕਾਂ ਨੂੰ 5 ਕਿਲੋ ਦਾਣੇ ਤੇ 2 ਕਿਲੋ ਦਾਲ ਪ੍ਰਤੀ ਜੀਅ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ। ਇਸ ਤੋਂ ਚੰਗਾ ਇਹ ਨਹੀਂ ਹੋ ਸਕਦਾ ਕਿ ਇਹ ਸਾਰੇ ਪੈਸੇ ਨੂੰ ਇਕੱਠਾ ਕਰਕੇ ਅਸੀਂ ਉਸ ਪਰਿਵਾਰ ਨੂੰ ਨੌਕਰੀ ਦੇਈਏ ਅਤੇ ਉਹ ਆਪਣੇ ਪਰਿਵਾਰ ਦਾ ਖਰਚਾ ਆਪ ਉਠਾਵੇ ਅਤੇ ਸਵੈਮਾਣ ਨਾਲ ਜੀਵੇ। ਪਰ ਅਫਸੋਸ ਵੋਟ ਰਾਜਨੀਤੀ ਵਿੱਚ ਲੋਕਾਂ ਦੇ ਸਵੈਮਾਣ ਦੀ ਕੋਈ ਜਗ੍ਹਾ ਨਹੀਂ ਜਿੰਨ੍ਹੇ ਲੋਕ ਗਰੀਬ ਹੋਣਗੇ ਉਨ੍ਹੀ ਛੇਤੀ ਹੀ ਉਹ ਸਬਜ਼ਬਾਗਾ ਤੇ ਯਕੀਨ ਕਰਨਗੇ। ਜਿਸ ਤਰ੍ਹਾਂ ਸਰਕਾਰਾਂ ਸਰਕਾਰੀ ਸੰਪਤੀ ਵੇਚਣ ਲੱਗੀਆਂ ਹਨ ਉਸ ਤੋਂ ਤਾਂ ਲੱਗਦਾ ਹੈ ਕਿ ਸਵੈਮਾਣ ਤਾਂ ਸਰਕਾਰ ਦਾ ਭੀ ਨਹੀਂ ਰਹਿਣਾ ਲੋਕਾਂ ਦਾ ਤਾਂ ਕੀ ਰਹਿਣਾ ਹੈ ।

*ਸਿਹਤ ਸਹੂਲਤਾਂ:* ਕਰੋਨਾ ਨੇ ਨਰੋਏ ਪੰਜਾਬ ਦੀ ਸਿਹਤ ਸਹੂਲਤਾਂ ਦੀ ਵੀ ਫੂਕ ਕੱਢ ਕੇ ਰੱਖ ਦਿੱਤੀ । ਪਹਿਲਾਂ ਸਾਡੇ ਕੋਲ ਸਰਕਾਰੀ ਹਸਪਤਾਲਾਂ ਵਿੱਚ ਵੈਂਟੀਲੇਟਰ ਹੈ ਨਹੀਂ ਸੀ, ਵੈਂਟੀਲੇਟਰ ਮੰਗਵਾਏ ਗਏ ਤਾਂ ਚਲਾਉਣ ਵਾਲੇ ਨਹੀਂ, ਚਲਾਉਣ ਵਾਲੇ ਮਿਲੇ ਤਾਂ ਕਈ ਚੱਲੇ ਹੀ ਨਹੀਂ, ਜੇਕਰ ਚੱਲੇ ਹੈ ਤਾਂ ਨਾਲ ਦੀ ਨਾਲ ਖਰਾਬ ਵੀ ਹੋ ਗਏ। ਲੋਕਾਂ ਦੇ ਹਿਸਾਬ ਨਾਲ ਬੈੱਡ ਨਹੀਂ, ਡਾਕਟਰ ਇੱਕ ਦਮ ਭਰਤੀ ਕਰਨੇ ਪਏ। ਯਾਨੀ ਕੇ ਕੁੱਲ ਮਿਲਾ ਕੇ ਇਹ ਹਾਲਾਤ ਸੀ ਕਿ ਸ਼ੇਰ ਘਰ ਵੜ ਆਇਆ ਤੇ ਅਸੀਂ ਡੰਡਾ ਲੱਭ ਰਹੇ ਹਾਂ ਜਾਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਘਰ ਆਈ ਜੰਞ ਵਿੰਨੋ ਕੁੜੀ ਦੇ ਕੰਨ ।

*ਦੁਸ਼ਨਬਾਜ਼ੀ:* ਨਰੋਏ ਪੰਜਾਬ ਵਿੱਚ ਰਾਜਨੀਤਕ ਪਾਰਟੀਆਂ ਸਿਰਫ ਇੱਕ ਦੂਜੇ ਤੇ ਦੁਸ਼ਨਬਾਜ਼ੀ ਕਰ ਰਹੀਆਂ ਹਨ। ਅਗਰ ਪੰਜਾਬ ਵਾਕਿਆ ਹੀ ਨਰੋਆ ਹੈ ਤਾਂ ਸਰਕਾਰ ਵਿਰੋਧੀ ਤੇ ਲੋਕਾਂ ਦੇ ਸਵਾਲਾਂ ਤੇ ਵਾਈਟ ਪੇਪਰ ਲਿਆ ਕੇ ਆਵਦੀਆਂ ਉਪਲੱਬਧੀਆਂ ਦੱਸੇ ਅਤੇ ਵਿਰੋਧੀ ਵੀ ਸਿਰਫ ਨੁਕਸ ਕੱਢਕੇ ਵੋਟਾਂ ਬਟੋਰਨ ਦੀ ਬਜਾਏ ਆਪਣੇ ਸਤ੍ਹਾ ਵਿੱਚ ਆਉਣ ਤੋਂ ਬਾਅਦ ਕਿਸ ਤਰ੍ਹਾਂ ਇਹਨਾਂ ਮੁਸ਼ਕਿਲਾਂ ਦਾ ਨਿਵਾਰਣ ਕਰੋਗੇ ਉਸ ਬਾਰੇ ਦੱਸੇ।

*ਨਿਚੋੜ:* ਸਰਕਾਰੀ ਤੰਤਰ ਬਹੁਤ ਵੱਡਾ ਹੈ ਅਤੇ ਬੁਨਿਆਦੀ ਢਾਂਚਾ ਭੀ ਹੈ, ਪਰ ਅਫਸੋਸ ਦੀ ਗੱਲ ਇਹ ਹੈ ਕਿ ਇਸ ਨੂੰ ਜਿੰਨੀ ਸੁਹਿਰਦਤਾ ਨਾਲ ਚਲਾਉਣਾ ਚਾਹੀਦਾ ਹੈ ਉਹਨੀ ਸੁਹਿਰਦਤਾ ਨਾਲ ਚਲਾਇਆ ਨਹੀਂ ਜਾਂਦਾ। ਜਿਹਨਾਂ ਦੀ ਡਿਊਟੀ ਸਰਕਾਰੀ ਤੰਤਰ ਚਲਾਉਣ ਲਈ ਲੱਗੀ ਹੋਈ ਹੈ ਉਹਨਾਂ ਵਿਚੋਂ ਬਹੁਤੇ ਇਹੋ ਹੀ ਸੋਚੀ ਜਾਂਦੇ ਹਨ ਕਿ ਇਹ ਸਕੀਮ ਲਾਗੂ ਕਰਨ ਨਾਲ ਉਸ ਨੂੰ ਕੀ ਬੱਚੇਗਾ। ਉਹ ਇਹ ਨਹੀਂ ਸੋਚਦੇ ਕੇ ਜਿਹੜੀ ਤਨਖਾਹ ਉਹ ਲੈ ਰਿਹਾ ਹੈ ਉਸ ਪ੍ਰਤੀ ਭੀ ਉਸ ਦਾ ਕੋਈ ਫਰਜ਼ ਬਣਦਾ ਹੈ। ਜਿੰਨ੍ਹੇ ਕੇ ਲੋਕ ਇਹ ਫਰਜ਼ ਸਮਝਦੇ ਹਨ ਉਨ੍ਹਾਂ ਕੁ ਕੰਮ ਰੁੜ੍ਹੀ ਜਾਂਦਾ ਹੈ ।

# ਆਉਣ ਵਾਲੇ ਸਮੇਂ ਵਿੱਚ ਸਿੱਖਿਆ ਲਈ ਨਵੀਆਂ ਚੁਣੌਤੀਆਂ ਅਤੇ ਹੱਲ

ਕੋਰੋਨਾ ਕਾਲ ਨੇ ਜਿੱਥੇ ਹਰ ਖੇਤਰ ਨੂੰ ਨਵੀਆਂ ਚੁਣੌਤੀਆਂ ਦਿੱਤੀਆਂ ਹਨ, ਉੱਥੇ ਅਧਿਆਪਨ ਕਾਰਜ ਨੂੰ ਵੀ ਔਖਾ ਤੇ ਬੋਝਲ ਬਣਾਇਆ ਹੈ। ਵਿਦਿਆਰਥੀਆਂ ਨੂੰ ਕਾਮਯਾਬ ਆਨਲਾਈਨ ਸਿੱਖਿਆ ਦੇਣ ਲਈ ਬਹੁਤ ਸਾਰੇ ਕਾਰਕਾਂ ਦੀ ਲੋੜ ਹੁੰਦੀ ਹੈ। ਇੰਟਰਨੈੱਟ ਆਧਾਰਤ ਪੜ੍ਹਾਈ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਅੰਦਰ ਅਜੀਬ ਕਿਸਮ ਦੀ ਕਾਹਲ ਪੈਦਾ ਕੀਤੀ ਹੈ। ਪੜ੍ਹਾਈ ਦੇ ਨਾਲੋ-ਨਾਲ ਫਟਾਫਟ ਆਨਲਾਈਨ ਟੈਸਟ ਲਏ ਜਾ ਰਹੇ ਹਨ, ਜਿਸ ਬਾਰੇ ਕੋਈ ਭਰੋਸਾ ਨਹੀਂ ਕਿ ਇਹ ਟੈਸਟ ਕੌਣ ਹੱਲ ਕਰ ਰਿਹਾ ਹੈ। ਅਧਿਆਪਕ ਬੱਚਿਆਂ ਨੂੰ ਸਿਖਾਉਣ ਲਈ ਤੱਤਪਰ ਹਨ ਪਰ ਬੱਚੇ ਅਧਿਆਪਕ ਤੋਂ ਦੂਰੀ ਦਾ ਫ਼ਾਇਦਾ ਉਠਾਉਂਦੇ ਹਨ ਭਾਵ ਘਰ ਦਾ ਕੰਮ ਸਹੀ ਸਮੇਂ ’ਤੇ ਨਹੀਂ ਭੇਜਦੇ ਜਾਂ ਆਨਲਾਈਨ ਕਲਾਸਾਂ ਅਟੈਂਡ ਹੀ ਨਹੀਂ ਕਰਦੇ ਅਤੇ ਨਾ ਹੀ ਜੋ ਪੜ੍ਹਾਇਆ ਜਾਂਦਾ ਹੈ ਉਸ ਦੀ ਠੀਕ ਫੀਡਬੈਕ ਦਿੰਦੇ ਹਨ।

ਹੁਣ ਜਦੋਂ ਬੱਚੇ ਡੇਢ ਸਾਲ ਤੋਂ ਬਾਅਦ ਸਕੂਲ ਪਰਤੇ ਹਨ ਤਾਂ ਉਨ੍ਹਾਂ ਦੇ ਸੁਭਾਅ ਵਿੱਚ ਅਜੀਬ ਤਰ੍ਹਾਂ ਦੀਆਂ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ। ਵਿਦਿਆਰਥੀ ਸਕੂਲ ਦੀ ਅਨੁਸ਼ਾਸਨਮਈ ਧਾਰਾ ਤੋਂ ਬਿਲਕੁਲ ਪਾਸੇ ਹਟ ਚੁੱਕੇ ਹਨ, ਬੱਚਿਆਂ ਦੀ ਪ੍ਰਕਿਰਤੀ ਨੂੰ ਧਾਰਾਬੱਧ ਕਰਨ ਲਈ ਵੱਡੇ ਯਤਨਾਂ ਦੀ ਲੋੜ ਹੈ। ਅਧੂਰੀ ਅਤੇ ਸਹੂਲਤਾਂ ਵਿਹੂਣੀ ਲੰਗੜੀ ਆਨਲਾਈਨ ਸਿੱਖਿਆ ਨੇ ਵਿਦਿਆਰਥੀਆਂ ਅੰਦਰ ਵੱਡੇ ਲਰਨਿੰਗ ਗੈਪ ਪੈਦਾ ਕਰ ਦਿੱਤੇ ਹਨ ਜਿਨ੍ਹਾਂ ਦੀ ਭਰਪਾਈ ਕਰਨ ਲਈ ਇੱਕ ਪ੍ਰਭਾਵਸ਼ਾਲੀ ਵਿਸ਼ੇਸ਼ ਕਾਰਜ ਯੋਜਨਾ ਦੀ ਲੋੜ ਹੈ । ਬੱਚਿਆਂ ਨੂੰ ਸਹਿਜ ਨਾਲ ਪੜ੍ਹਾਉਣ ਤੇ ਸਿਖਾਉਣ ਦੀ ਲੋੜ ਹੈ, ਕੇਵਲ ਲਗਾਤਾਰ ਆਨਲਾਈਨ ਗੂਗਲ ਕੁਇਜ਼ ਲੈਣ ਨਾਲ ਸਿੱਖਿਆ ਦਾ ਮਨੋਰਥ ਪੂਰਾ ਨਹੀਂ ਹੋਣਾ।

ਦੁਬਾਰਾ ਸਕੂਲ ਖੁੱਲ੍ਹਣ ’ਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਅਧਿਆਪਕਾਂ ਨੂੰ ਬੱਚਿਆਂ ਨਾਲ ਆਦਾਨ-ਪ੍ਰਦਾਨ ਕਰਨ ਚ ਦਿੱਕਤ ਆ ਰਹੀ ਹੈ ਕਿਉਂਕਿ ਬੱਚੇ ਸਕੂਲ ਦੀ ਸ਼ਬਦਾਵਲੀ ਭੁੱਲ ਚੁੱਕੇ ਹਨ। ਕੋਰੋਨਾ ਕਾਲ ਵਿੱਚ ਆਨਲਾਈਨ ਸਿੱਖਿਆ ਨੂੰ ਕਮਜ਼ੋਰ ਇੰਟਰਨੈੱਟ ਨੈੱਟਵਰਕ, ਬੱਚਿਆਂ ਕੋਲ ਗੈਜੇਟ ਨਾ ਹੋਣੇ, ਮਾਪਿਆਂ ਦੀ ਕਮਜ਼ੋਰ ਆਰਥਿਕ ਹਾਲਤ ਆਦਿ ਮੁੱਦਿਆਂ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਅ ਾਨਲਾਈਨ ਸਿੱਖਿਆ ਵਿੱਚ ਜਮਾਤ ਦਾ ਕਮਰਾ ਲਚਕੀਲਾ ਹੁੰਦਾ ਹੈ, ਬੱਚੇ ਜਿਸ ਵੀ ਸਥਿਤੀ ਵਿੱਚ ਹੋਣ ਸਿੱਖ ਸਕਦੇ ਹਨ ਪਰ ਸਕੂਲ ਆਉਣ ਲਈ ਵਿਸ਼ੇਸ਼ ਕਿਸਮ ਦੇ ਤਰੱਦਦ ਦੇ ਯਤਨਾਂ ਦੀ ਲੋੜ ਹੈ ਜਿਨ੍ਹਾਂ ਲਈ ਬੱਚੇ ਅਜੇ ਤਿਆਰ ਨਹੀਂ ਹਨ। ਬੱਚਿਆਂ ਦੇ ਕੁਝ ਪੱਲੇ ਪਾਉਣ ਲਈ ਆਨਲਾਈਨ ਸਿੱਖਿਆ ਨੂੰ ਆਫਲਾਈਨ ਸਿੱਖਿਆ ਵਿੱਚ ਮਰਜ ਕਰਨਾ ਸਮੇਂ ਦੀ ਵੱਡੀ ਲੋੜ ਹੈ। ਘਰ ਰਹਿ ਕੇ ਆਦਤਾਂ ਇਸ ਕਦਰ ਹੋ ਗਈਆਂ ਹਨ ਕਿ ਸਕੂਲ ਲੱਗਣ ਤੋਂ ਬਾਅਦ ਕੇਵਲ ਬੱਚੇ ਹੀ ਨਹੀਂ ਸਗੋਂ ਅਧਿਆਪਕ ਵੀ ਬੱਝੇ ਹੋਏ ਮਹਿਸੂਸ ਕਰ ਰਹੇ ਹਨ। ਸੁਭਾਅ ਅੰਦਰ ਆਈਆਂ ਇਨ੍ਹਾਂ ਪ੍ਰਵਿਰਤੀਆਂ ਨੂੰ ਬਦਲਣ



ਲਈ ਸਬੰਧਿਤਾਂ ਨਾਲ ਵਿਸ਼ੇਸ਼ ਗੱਲ-ਬਾਤ ਅਤੇ ਆਦਾਨ-ਪ੍ਰਦਾਨ ਦੀ ਲੋੜ ਹੈ।

ਹਾਲਾਂਕਿ ਸਕੂਲ ਖੁੱਲ੍ਹ ਚੁੱਕੇ ਹਨ ਪਰ ਆਨਲਾਈਨ ਪੜ੍ਹਾਈ ਅਜੇ ਵੀ ਬਾ-ਦਸਤੂਰ ਜਾਰੀ ਹੈ ਜਿਸ ਨਾਲ ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ’ਤੇ ਵੀ ਮਾਨਸਿਕ ਦਬਾਅ ਅਤੇ ਕੰਮ ਦਾ ਬੋਝ ਹੈ। ਅੱਜ ਸਿੱਖਿਆ ਦੇ ਖੇਤਰ ਅੰਦਰ ਹੈਪੀ ਲਰਨਿੰਗ ਦੀ ਵੱਡੀ ਲੋੜ ਹੈ ਸਕੂਲ ਖੁੱਲ੍ਹਣ ਤੋਂ ਬਾਅਦ ਆਫਲਾਈਨ ਪੜ੍ਹਾਈ ਦਾ ਦਾਇਰਾ ਮੋਕਲਾ ਕਰਨ ਨਾਲ ਬੱਚੇ ਤੇ ਅਧਿਆਪਕ ਪੂਰੀ ਤਰ੍ਹਾਂ ਸਕੂਲਾਂ ਨਾਲ ਜੁੜ ਸਕਦੇ ਹਨ। ਬੱਚਿਆਂ ਨੂੰ ਆਫਲਾਈਨ ਜਾਂ ਆਨਲਾਈਨ ਦੋਵਾਂ ਤਰੀਕਿਆਂ ਨੂੰ ਪੜ੍ਹਨ ਦੀ ਖੁੱਲ੍ਹ ਹੈ, ਪਰ ਸਿੱਖਿਆ ਲਈ ਲੋੜੀਂਦੀਆਂ ਸਹੂਲਤਾਂ ਤੇ ਭੌਤਿਕ ਸਾਧਨਾਂ ਦੀ ਘਾਟ ਕਰਕੇ ਇਹ ਲਾਗੂ ਕਰਨ ਯੋਗ ਨਹੀਂ ਸੀ। ਸੈਕੰਡਰੀ ਵਰਗ ਦੀਆਂ ਜਮਾਤਾਂ ਭਾਵ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਬੱਚਿਆਂ ਦੀ ਆਫਲਾਈਨ ਪੜ੍ਹਾਈ ਪ੍ਰਤੀ ਵਿਦਿਆਰਥੀਆਂ ਅਤੇ ਮਾਪਿਆਂ ਦਾ ਹੁੰਗਾਰਾ ਬਹੁਤ ਵਧੀਆ ਹੈ ।

ਇੱਕ ਸਰਵੇ ਰਿਪੋਰਟ ਅਨੁਸਾਰ ਸਰਕਾਰੀ ਸਕੂਲਾਂ ਅੰਦਰ ਹਾਜ਼ਰੀ ਹੌਲੀ-ਹੌਲੀ 90% ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਸਕੂਲ ਸਿੱਖਿਆ ਵਿਭਾਗ ਵੱਲੋਂ ਰਾਸ਼ਟਰੀ ਪ੍ਰਾਪਤੀ ਸਰਵੇਖਣ ਸਰਵੇ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ। ਕੌਮੀ ਪੱਧਰ ’ਤੇ ਸੂਬ੍ਹਾ ਦੇ ਵਧੀਆ ਪ੍ਰਦਰਸ਼ਨ ਲਈ ਵਿਦਿਆਰਥੀਆਂ, ਅਧਿਆਪਕਾਂ ਤੋਂ ਬਿਨਾਂ ਸਿੱਖਿਆ ਵਿਭਾਗ ਦੇ ਛੋਟੇ-ਵੱਡੇ ਅਧਿਕਾਰੀ ਵੀ ਸਿਰਤੋੜ ਯਤਨ ਕਰ ਰਹੇ ਹਨ। ਸਿੱਖਿਆ ਵਿਭਾਗ ਵੱਲੋਂ ਇੱਕ-ਇੱਕ ਗਤੀਵਿਧੀ ਨੂੰ ਮੋਨੀਟਰ ਕੀਤਾ ਜਾ ਰਿਹਾ ਹੈ। ਹਫ਼ਤਾਵਰੀ ਮੀਟਿੰਗਾਂ ਰਾਹੀਂ ਬੱਚਿਆਂ ਦੀ ਅਕਾਦਮਕਿ ਪ੍ਰਗਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਹੋਣ ਦੇ ਬਾਵਜੂਦ ਮਾਪਿਆਂ ਨੂੰ ਬੱਚਿਆਂ ਨੂੰ ਸਰੀਰਕ ਕਲਾਸਾਂ ਲਈ ਭੇਜਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਅਤੇ ਮਹਿਜ਼ ਗੈਰ-ਹਾਜ਼ਰੀ ਕਰਕੇ ਬੱਚਿਆਂ ਦਾ ਸਕੂਲ ਵਿੱਚੋਂ ਨਾਂਅ ਵੀ ਨਹੀਂ ਕੱਟਿਆ ਜਾ ਸਕਦਾ। ਲੰਬੇ ਵਕਫ਼ੇ ਤੋਂ ਬਾਅਦ ਸਕੂਲ ਆਏ ਬੱਚਿਆਂ ਦੀਆਂ ਵਾਧੂ ਜਮਾਤਾਂ ਲਾ ਕੇ ਵੀ ਪੜ੍ਹਾਈ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ।

ਪ੍ਰਾਈਵੇਟ ਸਕੂਲਾਂ ’ਤੇ ਕੋਰੋਨਾ ਦਾ ਅਸਰ ਬਹੁਤ ਮਾਰੂ ਹੈ। ਨਿੱਜੀ ਸਕੂਲਾਂ ਵੱਲੋਂ ਸਕੂਲ ਬੰਦ ਵਾਲੇ ਸਮੇਂ ਦੀਆਂ ਫੀਸਾਂ ਮੰਗਣ ’ਤੇ ਕਈ ਥਾਂ ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਵਿੱਚ ਤਣਾਅ ਬਣਿਆ ਹੋਇਆ ਹੈ, ਜਿਸ ਬਾਰੇ ਮੀਡੀਆ ਵਿੱਚ ਹਰ ਰੋਜ਼ ਕੁਝ ਨਾ ਕੁਝ ਵੇਖਣ ਨੂੰ ਮਿਲ ਰਿਹਾ ਹੈ। ਵੱਖ-ਵੱਖ ਨਿੱਜੀ ਸਕੂਲਾਂ ਦੇ ਲਗਭਗ ਮਾਪਿਆਂ ਨੇ ਅਜੇ ਵੀ ਪਿਛਲੇ ਸਾਲ ਦੀਆਂ ਫੀਸਾਂ ਦਾ ਬਕਾਇਆ ਅਦਾ ਨਹੀਂ ਕੀਤਾ। ਸਰਕਾਰੀ ਸਕੂਲਾਂ ਦੀ ਵਧੀ ਵਿਦਿਆਰਥੀ ਸੰਖਿਆ ਇਨ੍ਹਾਂ ਸਕੂਲਾਂ ਦੀ ਵੱਡੀ ਤਾਕਤ ਹੈ।

ਸਕੂਲਾਂ ਵਿਖੇ ਹਾਜ਼ਰੀ ਦੇ ਮਾਮਲੇ ’ਚ ਵਿਦਿਆਰਥੀਆਂ ਨੂੰ ਹਰੇਕ ਭਾਗ ਵਿੱਚ ਦੋ ਹਿੱਸਿਆਂ ਵਿੱਚ ਵੰਡਿਆ ਹੈ ਅਤੇ ਉਨ੍ਹਾਂ ਨੂੰ ਸਮਾਜਿਕ ਦੂਰੀਆਂ ਬਣਾਈ ਰੱਖਣ ਲਈ ਵਿਕਲਪਿਕ ਦਿਨਾਂ ’ਤੇ ਬੁਲ-ਾਇਆ ਜਾ ਰਿਹਾ ਹੈ। ਸੂਚਨਾ ਤਕਨੀਕ ਦੇ ਸਾਧਨਾਂ ਨੂੰ ਸਿੱਖਿਆ ਦੇ ਪ੍ਰਸਾਰ ਤੇ ਪ੍ਰਚਾਰ ਲਈ ਵਰਤਿਆ ਜਾ ਰਿਹਾ ਹੈ, ਜਮਾਤਾਂ ਦੇ ਵਟਸਐਪ ਗਰੁੱਪ ਬਣੇ ਹਨ, ਜਿੱਥੇ ਸਟੱਡੀ ਮਟੀਰੀਅਲ ਤੋਂ ਬਿਨਾਂ ਬੱਚਿਆਂ ਨਾਲ ਜ਼ਰੂਰੀ ਜਾਣਕਾਰੀਆਂ ਵੀ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਲਾਈਵ ਜਮਾਤਾਂ ਦਾ ਰੁਝਾਨ ਕਾਫੀ ਘੱਟ ਹੈ। ਸਕੂਲ ਮੁਖੀਆਂ ਦੀਆਂ ਜ਼ਿੰਮੇਵਾਰੀਆਂ ’ਚ ਕਾਫੀ ਵਾਧਾ ਹੋਇਆ ਹੈ।

ਪ੍ਰਿੰਸਪਲ ਨਿਗਰਾਨੀ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਉਹਨਾਂ ਦੇ ਸਕੂਲ ਦੇ ਅਧਿਆਪਕਾਂ ਵੱਲੋਂ ਆਨਲਾਈਨ ਜਮਾਤਾਂ ਲਾਈਆਂ ਜਾ ਰਹੀਆਂ ਹਨ ਜਾਂ ਬੱਚਿਆਂ ਦੀ ਹਾਜ਼ਰੀ ਤੇ ਰਿਸਪਾਂਸ ਕੀ ਹੈ? ਪਰ ਇੱਕ ਬੰਦੇ ਵੱਲੋਂ ਇੰਨੇ ਅਨੇਕਾਂ ਵਟਸਐਪ ਗਰੁੱਪਾਂ ਤੇ ਵਿਆਪਕ ਤਾਣੇ-ਬਾਣੇ ਦੀ ਨਿਗਰਾਨੀ ਕਰਨਾ ਔਖਾ ਕੰਮ ਹੈ। ਇਸ ਲਈ ਸਫਲ ਸਿੱਖਿਆ ਤੰਤਰ ਲਈ ਟੀਮ ਵਰਕ ਦੀ ਭਾਵਨਾ ਹੋਣਾ ਅਤੀ ਜ਼ਰੂਰੀ ਹੈ। ਸਿੱਖਿਆ ਖੇਤਰ ਦੀਆਂ ਚੁਣੌਤੀਆਂ ਦਾ ਹੱਲ ਕਰਦੇ ਹੋਏ ਸਭ ਲਈ ਸਿੱਖਿਆ ਦੇ ਨਾਅਰੇ ਨੂੰ ਅਮਲੀ ਰੂਪ ’ਚ ਲਾਗੂ ਕਰਨ ਲਈ ਮਨੁੱਖੀ ਤੇ ਤਕਨੀਕੀ ਸਾਧਨਾਂ ਦੀ ਵਰਤੋਂ ਦਾ ਸਹੀ ਸੰਤੁਲਨ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ।

*-ਵਿਜੈ ਗਰਗ*
*ਸਾਬਕਾ ਪੀਈਐਸ*
*ਸੇਵਾ ਮੁਕਤ ਪ੍ਰਿੰਸੀਪਲ*
*ਮਲੋਟ।*

## ਮਿੰਨੀ ਕਹਾਣੀ

# ਖੁਰਪਾ



ਜਾਗਰ ਦਾ ਪ੍ਰੀਵਾਰ ਤਿੰਨ-ਚਾਰ ਪੁਸ਼ਤਾਂ ਤੋ ਜਸਵੰਤ ਸਿੰਘ ਦੇ ਖੇਤਾਂ ਵਿਚ ਕੰਮ ਕਰਵਾਉਂਦਾ ਆ ਰਿਹਾ ਸੀ। ਲੱਗ-ਭੱਗ ਖੇਤੀ ਦਾ ਸਾਰਾ ਕੰਮ ਉਹੀ ਕਰਦੇ ਸਨ। ਬੀਜਣ ਤੋਂ ਲੈ ਕੇ ਵੱਢਣ ਤੱਕ ਜਾਗਰ ਹੋਰਾਂ ਦੀ ਜੁੰਮੇਵਾਰੀ ਸੀ। ਡੰਗਰਾਂ ਨੂੰ ਸੰਭਾਲਣਾ। ਕੱਖ-ਕੰਡਾ ਪਾਉਣਾ। ਮੱਝਾਂ ਨੂੰ ਨਲ੍ਹਾਉਣਾ। ਸੱਭ ਕੁੱਝ ਜਾਗਰ ਦਾ ਪ੍ਰੀਵਾਰ ਹੀ ਕਰਦਾ ਸੀ। ਜਾਗਰ ਦੀ ਮਾਂ, ਜਾਗਰ ਦੀ ਭਰਜਾਈ ਜਸਵੰਤ ਸਿੰਘ ਦੀਆਂ ਘਰ ਦੀਆਂ ਔਰਤਾਂ ਨਾਲ ਕੰਮ ਕਰਵਾਉਂਦੀਆਂ ਸਨ।

ਅੱਜ ਵੀ ਜਾਗਰ ਆਪਣੇ ਬਾਪੂ ਨਾਲ ਜਸਵੰਤ ਹੋਰਾਂ ਦੀ ਮੱਕੀ ਗੁੱਡ ਰਿਹਾ ਸੀ। ਜਸਵੰਤ ਸਿੰਘ ਐਧਰ-ਓਧਰ ਫਿਰਦਾ ਘੜੀ-ਮੁੜੀ ਉਹਨਾਂ ਨੂੰ ਗੁਡਦਿਆਂ ਦੀ ਨਿਗਰਾਨੀ ਕਰਨਾ ਆ ਜਾਂਦਾ ਸੀ। ਜਾਗਰ ਤੋਂ ਗੁੱਡਦਿਆਂ ਗੁੱਡਦਿਆਂ ਕਿਤੇ ਮੱਕੀ ਦਾ ਬੂਟਾ ਵੱਢਿਆ ਗਿਆ। ਜਸਵੰਤ ਸਿੰਘ ਸਿਰ ਉੱਤੇ ਖੜਾ ਸੀ। ਉਹ ਜਾਗਰ ਨੂੰ ਗਾਹਲਾਂ ਕੱਢਣ ਲੱਗ ਪਿਆ। ਜਾਗਰ ਨੇ ਕਿਹਾ, "ਚਾਚਾ ਜੀ ਗ਼ਲਤੀ ਨਾਲ ਬੂੱਟਾ ਕੱਟਿਆ ਗਿਆ.. ਮੈਂ ਦੇਖਿਆ ਨਹੀਂ ਸੀ...।"

ਪਰ ਜਸਵੰਤ ਸਿੰਘ ਅਬਾ-ਤਬਾ ਬੋਲੀ ਗਿਆ। ਬਾਰਾਂ ਤੇਰਾਂ ਸਾਲਾਂ ਦੇ ਜਾਗਰ ਨੂੰ ਗੁੱਸਾ ਆਉਣ ਲੱਗਿਆ। ਉਸ ਤੋਂ ਹੁਣ ਜਸਵੰਤ ਸਿੰਘ ਦੀਆਂ ਗਾਹਲਾਂ ਬਰਦਾਸ਼ਤ ਨਹੀਂ ਹੋ ਰਹੀਆ ਸਨ।

"ਚੱਕ ਆਪਣਾ ਖੁਰਪਾ..." ਜਾਗਰ ਨੇ ਗੁੱਸੇ ਵਿਚ ਖੁਰਪਾ ਵਗਾਹ ਕੇ ਪਰੇ ਮਾਰਿਆ। ਖੁਰਪਾ ਬੁੜਕੇ ਦੂਰ ਜਾ ਪਿਆ। ਜਾਗਰ ਉੱਠਿਆ, "ਬਾਪੂ ਚੱਲ ਉੱਠ.. ਆਪਾਂ ਨੀ ਇਹਨਾਂ ਦੇ ਕੰਮ ਕਰਨਾ.. ਨਾਲੇ ਇਹਨਾਂ ਦੀਆਂ ਚਾਕਰੀਆਂ ਕਰੀਏ... ਨਾਲੇ ਗਾਹਲਾਂ ਖਾਈਏ... ਚੱਲ ਉੱਠ ਬਾਪੂ... ਚੱਲ ਚੱਲੀਏ...।"

ਜਸਵੰਤ ਸਿੰਘ ਡੌਰ-ਭੌਰ ਐਧਰ-ਓਧਰ ਝਾਕਣ ਲੱਗਾ। ਦੂਰ ਪਿਆ ਖੁਰਪਾ ਜਿਵੇਂ ਜਸਵੰਤ ਸਿੰਘ ਨੂੰ ਵੰਗਾਰ ਰਿਹਾ ਸੀ।

ਰਿਪੁਦਮਨ ਸਿੰਘ ਰੂਪ
2249, ਫੇਜ਼ 10, ਮੁਹਾਲੀ (ਪੰਜਾਬ)
ਮੋਬਾਇਲ ਨੰ: 98767 68960

# ਐਡਵੋਕੇਟ ਜਨਰਲ ਵਜੋਂ ਏ ਪੀ ਐੱਸ ਦਿਉਲ ਦੀ ਨਿਯੁਕਤੀ ਹੁੰਦੇ ਸਾਰ ਵਿਵਾਦ ਛਿੜਿਆ

ਚੰਡੀਗੜ੍ਹ, 28 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਵਕੀਲ ਅਮਰਪ੍ਰੀਤ ਸਿੰਘ ਦਿਉਲ ਨੂੰ ਪੰਜਾਬ ਦੀ ਨਵੀਂ ਬਣੀ ਚਰਨਜੀਤ ਸਿੰਘ ਚੰਨੀ ਸਰਕਾਰ ਵੱਲੋਂ ਸੂਬੇ ਦਾ ਨਵਾਂ ਐਡਵੋਕੇਟ ਜਨਰਲ ਲਾਏ ਜਾਣ ਨਾਲ ਵਿਵਾਦ ਛਿੜ ਗਿਆ ਅਤੇ ਨਵੇਂ ਡੀ ਜੀ ਪੀ ਵਜੋਂ ਇਕਬਾਲ ਪ੍ਰੀਤ ਸਹੋਤਾ ਦੀ ਨਿਯੁਕਤੀ ਉੱਤੇ ਵੀ ਸਵਾਲ ਉਠਣੇ ਸ਼ੁਰੂ ਹੋ ਗਏ ਹਨ, ਜਿਸ ਨਾਲ ਸਰਕਾਰ ਨੂੰ ਮੁਸ਼ਕਲ ਆ ਸਕਦੀ ਹੈ।



ਏ ਪੀ ਐੱਸ ਦਿਉਲ ਨੂੰ ਐਡਵੋਕੇਟ ਜਨਰਲ ਬਣਾਏ ਜਾਣ ਉੱਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਪੀੜਤ ਪਰਵਾਰਾਂ ਨੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਹੈ। ਇਨ੍ਹਾਂ ਪਰਵਾਰਾਂ ਦੇ ਮੈਂਬਰ ਸੁਖਰਾਜ ਸਿੰਘ ਨੇ ਕਿਹਾ ਕਿ ਸਿੰਘਾਂ ਦੇ ਕਾਤਲ ਸਾਬਕਾ ਡੀ ਜੀ ਪੀ ਸੈਣੀ ਦੀ ਵਕਾਲਤ ਕਰ ਰਹੇ ਵਕੀਲ ਨੂੰ ਏ ਜੀ ਲਾਉਣ ਨਾਲ ਬੜੀ ਨਿਰਾਸ਼ਤਾ ਹੋਈ ਹੈ, ਇਸ ਤਰ੍ਹਾਂ ਇਨਸਾਫ਼ ਕਿਵੇਂ ਮਿਲੇਗਾ। ਜੋ ਵਕੀਲ ਪਹਿਲਾਂ ਸੈਣੀ ਦੇ ਕੇਸ ਲੜ ਕੇ ਉਸ ਨੂੰ ਕਿਸੇ ਵੀ ਕੇਸ ਵਿੱਚ 2022 ਦੀਆਂ ਚੋਣਾਂ ਤਕ ਹਾਈ ਕੋਰਟ ਵਿੱਚੋਂ ਗ੍ਰਿਫ਼ਤਾਰੀ ਉੱਤੇ ਰੋਕ ਲਵਾ ਚੁੱਕਾ ਹੈ ਅਤੇ ਪਿਛਲੇ ਦਿਨ ਵਿਜੀਲੈਂਸ ਹਿਰਾਸਤ ਵਿੱਚੋਂ ਭ੍ਰਿਸ਼ਟਾਚਾਰ ਦੇ ਕੇਸ ਵਿੱਚੋਂ ਅੱਧੀ ਰਾਤ ਹਾਈ ਕੋਰਟ ਤੋਂ ਮੁਕਤ ਕਰਵਾ ਚੁੱਕਾ ਹੈ, ਉਹ ਸੈਣੀ ਖ਼ਿਲਾਫ਼ ਕਿਵੇਂ ਲੜੇਗਾ? ਪੀੜਤ ਪਰਵਾਰ ਨੇ ਨਵੇਂ ਡੀ ਜੀ ਪੀ ਸਹੋਤਾ ਦੀ ਨਿਯੁਕਤੀ ਉਪਰ ਵੀ ਸਵਾਲ ਉਠਾਉਂਦਿਆਂ ਕਿਹਾ ਕਿ ਇਹ ਉਹੀ ਅਫ਼ਸਰ ਹੈ, ਜਿਸ ਨੇ ਬਾਦਲ ਸਰਕਾਰ ਸਮੇਂ ਬੇਅਦਬੀ ਮਾਮਲੇ ਵਿੱਚ ਸਿੱਖਾਂ ਨੂੰ ਸਿੱਖਾਂ ਨਾਲ ਲੜਾਉਣ ਦੀ ਚਾਲ ਚੱਲੀ ਸੀ।


# 427 ਕਰੋੜ ਦੀ ਬੋਗਸ ਬਿਲਿੰਗ ਮਾਮਲੇ ਵਿਚ ਹੈਪੀ ਦੀ ਗ੍ਰਿਫ਼ਤਾਰੀ ਪਿੱਛੋਂ ਸੀ ਜੀ ਐਸ ਟੀ ਵਿਭਾਗ ਵੱਲੋਂ ਕਈ ਜਗ੍ਹਾ ਛਾਪੇ

ਲੁਧਿਆਣਾ, 28 ਸਤੰਬਰ (ਪੋਸਟ ਬਿਊਰੋ)- ਸੈਂਟਰਲ ਗੁਡਸ ਐਂਡ ਸਰਵਿਸ ਟੈਕਸ (ਸੀ ਜੀ ਐਸ ਟੀ) ਦੀ ਟੀਮ ਨੇ 427 ਕਰੋੜ ਦੀ ਬੋਗਸ ਬਿਲਿੰਗ ਨਾਲਕਰੋੜਾਂ ਰੁਪਏ ਦਾ ਫਰਜ਼ੀ ਇਨਪੁਟ ਕ੍ਰੈਡਿਟ ਲੈਣ ਵਿਰੁੱਧ ਕਾਰਵਾਈ ਕਰਦੇ ਹੋਏ ਕਈ ਸਥਾਨਾਂ ਉੱਤੇ ਛਾਪੇਮਾਰੀ ਕੀਤੀ ਹੈ। ਕੱਲ੍ਹ ਰਾਤ ਤਕ ਵਿਭਾਗ ਵੱਲੋਂ ਸਰਚ ਮੁਹਿੰਮ ਜਾਰੀ ਸੀ।

ਮਿਲੀ ਜਾਣਕਾਰੀ ਅਨੁਸਾਰ ਅਧਿਕਾਰੀਆਂ ਦੀਆਂ ਅਲੱਗ-ਅਲੱਗ ਟੀਮਾਂ ਨੇ ਉਨ੍ਹਾਂ ਬੈਂਕਾਂ ਤੋਂ ਦਸਤਾਵੇਜ਼ ਬਰਾਮਦ ਕੀਤੇ ਹਨ, ਜਿਨ੍ਹਾਂ ਪ੍ਰਾਈਵੇਟ ਬੈਂਕਾਂ ਵਿੱਚ ਉਨ੍ਹਾਂ ਦੇ ਖਾਤੇ ਸਨ, ਕਿਉਂਕਿ ਵਿਭਾਗ ਨੂੰ ਜਾਣਕਾਰੀ ਸੀ ਕਿ ਸਾਲ 2018 ਤੋਂ ਉਨ੍ਹਾਂ ਲੋਕਾਂ ਨੇ ਕਰੋੜਾਂ ਰੁਪਏ ਦੀ ਟ੍ਰਾਂਜੈਕਸ਼ਨ ਕੀਤੀ ਹੈ। ਇਸ ਕਾਰਵਾਈ ਦੌਰਾਨ ਫਰਜ਼ੀ ਰਿਫੰਡ ਲੈਣ ਵਾਲੇ ਕਈ ਲੋਕਾਂ ਦੇ ਬਾਰੇ ਜਾਣਕਾਰੀ ਮਿਲੀ ਹੈ ਜੋ ਵਿਭਾਗ ਦੇ ਰਾਡਾਰ ਉੱਤੇ ਹਨ। ਵਿਭਾਗ ਨੇ ਇਸ ਕੇਸ ਵਿੱਚ ਪ੍ਰਮੁੱਖ ਦੋਸ਼ੀ ਗੁਰਬਖਸ਼ ਲਾਲ ਉਰਫ ਹੈਪੀ ਨਾਗਪਾਲ ਨੂੰ ਗ੍ਰਿਫ਼ਤਾਰ ਕਰ ਕੇ ਜੁਡੀਸ਼ਲ ਰਿਮਾਂਡ ਉੱਤੇਜੇਲ੍ਹ ਭੇਜ ਦਿੱਤਾ ਹੈ। ਹੈਪੀ ਨੇ ਵਿਭਾਗ ਦੇ ਦਬਾਅ ਕਾਰਨ ਸਰੰਡਰ ਕਰ ਦਿੱਤਾ ਸੀ। ਉਸ ਦੇ ਦੋ ਸਾਥੀਆਂ ਰਜਿੰਦਰ ਅਤੇ ਸੰਦੀਪ ਨੂੰ ਪੰਜ ਫਰਵਰੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਦੋਸ਼ੀਆਂ ਨੇ ਪ੍ਰਾਈਵੇਟ ਬੈਂਕਾਂ ਦੇ ਖਾਤਿਆਂ ਵਿੱਚ 100 ਕਰੋੜ ਤੋਂ ਵੱਧ ਦੀ ਟ੍ਰਾਂਜੈਕਸ਼ਨ ਕੀਤੀ ਸੀ, ਜਿਸ ਬਾਰੇ ਇਨਫੋਰਸਮੈਂਟ ਅਤੇ ਇਨਕਮ ਟੈਕਸ ਵਿਭਾਗ ਦੀ ਨਜ਼ਰ ਇਸ ਮਾਮਲੇ ਉੱਤੇ ਹੈ।

ਵਿਭਾਗੀ ਸੂਤਰਾਂ ਦੇ ਅਨੁਸਾਰ ਦੋਸ਼ੀਆਂ ਵੱਲੋਂ 32 ਫਰਮਾਂ ਰਾਹੀਂ ਕੰਮ ਕੀਤਾ ਜਾ ਰਿਹਾ ਸੀ ਅਤੇ ਲੋਹੇ ਅਤੇ ਸਟੀਲ ਦੇ ਸਕ੍ਰੈਪ ਦੀ ਬਿਲਿੰਗ ਕੀਤੀ ਜਾ ਰਹੀ ਸੀ। ਸਕ੍ਰੈਪ ਉੱਤੇ 18 ਪ੍ਰਤੀਸ਼ਤ ਜੀ ਐਸ ਟੀ ਦੀ ਜਗ੍ਹਾ ਉਹ ਲੋਕਾਂ ਨੂੰ ਕਾਫ਼ੀ ਘੱਟ ਕੇਸ ਉੱਤੇ ਬਿੱਲ ਸਪਲਾਈ ਕਰਦੇ ਸਨ, ਜਦਕਿ ਮਾਲ ਸਪਲਾਈ ਨਹੀਂ ਕੀਤਾ ਜਾਂਦਾ ਸੀ। ਦੋਸ਼ੀ ਹਰ ਰੋਜ਼ ਬੈਂਕਾਂ ਤੋਂ ਲੱਖਾਂ ਰੁਪਏ ਕੱਢਵਾਉਂਦੇ ਸਨ। ਜਿਨ੍ਹਾਂ ਲੋਕਾਂ ਦੇ ਨਾਮ ਉੱਤੇ ਫਰਮਾਂ ਬਣਾਈਆਂ ਗਈਆਂ ਸੀ, ਉਨ੍ਹਾਂ ਨੂੰ ਹਰ ਮਹੀਨੇ 30 ਤੋਂ 50 ਹਜ਼ਾਰ ਰੁਪਏ ਦਿੱਤੇ ਜਾਂਦੇ ਸੀ। ਵਿਭਾਗ ਦੀ ਡਿਪਟੀ ਕਮਿਸ਼ਨਰ ਤਾਨੀਆ ਬੈਂਸ ਇਸਦੀ ਨੋਡਲ ਅਧਿਕਾਰੀ ਹੈ ਜਿਨ੍ਹਾਂ ਦੀ ਅਗਵਾਈ ਵਿੱਚ ਕਈ ਵੱਡੇ ਮਾਮਲਿਆਂ ਦਾ ਪਰਦਾਫਾਸ਼ ਕੀਤਾ ਜਾ ਚੁੱਕਾ ਹੈ ਅਤੇ 1600 ਕਰੋੜ ਦੀ ਬੋਗਸ ਬਿਲਿੰਗ ਵਿੱਚ 24 ਤੋਂ ਜ਼ਿਆਦਾ ਲੋਕਾਂ ਨੂੰ ਫੜਿਆ ਜਾ ਚੁੱਕਾ ਹੈ।

# ਘੁਲਾਲ ਟੋਲ ਪਲਾਜ਼ਾ ਉਤੇ ਖੇਤੀ ਕਾਨੂੰਨਾਂ ਤੋਂ ਪ੍ਰੇਸ਼ਾਨ ਹੋਏ ਕਿਸਾਨ ਵੱਲੋਂ ਖੁਦਕੁਸ਼ੀ



ਸਮਰਾਲਾ, 28 ਸਤੰਬਰ (ਪੋਸਟ ਬਿਊਰੋ)- ਪਿੰਡ ਰੌਹਲੇ ਦੇ ਕਿਸਾਨ ਤਾਰਾ ਸਿੰਘ (65) ਨੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਦੇ ਵਿਰੁੱਧ ਚੱਲਦੇ ਕਿਸਾਨੀ ਸੰਘਰਸ਼ ਨੂੰ ਅਣਗੌਲਿਆਂ ਕਰਨ ਦੇ ਰੋਸ ਵਜੋਂ ਖੁਦਕੁਸ਼ੀ ਕਰ ਲਈ ਹੈ। ਤਾਰਾ ਸਿੰਘ ਨੇ ਆਪਣੇ ਸਿਰ ਉੱਤੇ ਬੰਨ੍ਹੇ ਪਰਨੇ ਨਾਲ ਘੁਲਾਲ ਟੌਲ ਪਲਾਜ਼ਾ ਦੇ ਖੰਭੇ ਨਾਲ ਫਾਹਾ ਲੈ ਲਿਆ।

ਵਰਨਣ ਯੋਗ ਹੈ ਕਿ ਤਾਰਾ ਸਿੰਘ ਸੰਘਰਸ਼ ਆਰੰਭ ਹੋਣ ਦੇ ਦਿਨਾਂ ਤੋਂ ਘੁਲਾਲ ਟੋਲ ਪਲਾਜ਼ਾ ਦੇ ਧਰਨੇ ਵਿੱਚ ਸ਼ਾਮਲ ਸੀ। ਉਸ ਦੀ ਪਤਨੀ ਵੀ 10 ਮਹੀਨਿਆਂ ਤੋਂ ਦਿੱਲੀ ਦੇ ਟਿਕਰੀ ਮੋਰਚੇ ਉੱਤੇ ਕਿਸਾਨ ਸੰਘਰਸ਼ ਵਿੱਚ ਲੰਗਰ ਤਿਆਰ ਕਰ ਰਹੀ ਹੈ। ਕੱਲ੍ਹ ਸਵੇਰੇ ਜਦੋਂ ਇਲਾਕੇ ਦੇ ਕਿਸਾਨਾਂ ਨੂੰ ਤਾਰਾ ਸਿੰਘ ਦੀ ਖੁਦਕੁਸ਼ੀ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਤਾਰਾ ਸਿੰਘ ਦੀ ਲਾਸ਼ ਸਮਰਾਲੇ ਦੇ ਸਿਵਲ ਹਸਪਤਾਲ ਲਿਆਂਦੀ। ਦੇਸ਼ ਵਿੱਚ ਚੱਕਾ ਜਾਮ ਕਾਰਨ ਤਾਰਾ ਸਿੰਘ ਦੀ ਪਤਨੀ ਕੱਲ੍ਹ ਨਹੀਂ ਪੁੱਜ ਸਕੀ। ਇਸ ਮੌਕੇ ਹਾਜ਼ਰ ਕਿਸਾਨ ਆਗੂਆਂ ਨੇ ਕਿਹਾ ਕਿ ਸੰਘਰਸ਼ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋਏ ਹਨ।

# ਟਰਾਲਾ ਚਾਲਕ ਸੈਰ ਕਰਦੀਆਂ ਲੜਕੀਆਂ ਨੂੰ ਦਰੜ ਗਿਆ

ਅਬੋਹਰ, 28 ਸਤੰਬਰ (ਪੋਸਟ ਬਿਊਰੋ)- ਸਥਾਨਕ ਕੰਧਵਾਲਾ ਰੋਡ ਬਾਈਪਾਸ ਦੇ ਕੋਲ ਸਵੇਰੇ ਸੈਰ ਕਰਦੀ ਕਰੀਬ 16 ਸਾਲ ਦੀ ਲੜਕੀ ਨੂੰ ਟਰਾਲਾ ਚਾਲਕ ਨੇ ਬੁਰੀ ਤਰ੍ਹਾਂ ਦਰੜ ਦਿੱਤਾ, ਜਿਸ ਕਾਰਨ ਉਸ ਦੀ ਮੌਕੇ ਉੱਤੇ ਮੌਤ ਹੋ ਗਈ, ਜਦਕਿ ਲੜਕੀ ਨਾਲ ਸੈਰ ਕਰਦਾ 9 ਸਾਲਾ ਬੱਚਾ ਅਤੇ ਇੱਕ ਹੋਰ ਲੜਕੀ ਜ਼ਖ਼ਮੀ ਹੋ ਗਏ।

ਸਥਾਨਕ ਚੰਡੀਗੜ੍ਹ ਮੁਹੱਲਾ ਦੇ ਵਾਸੀ ਰਾਹੁਲ ਪੁੱਤਰ ਰਾਜ ਕੁਮਾਰ ਨੇ ਦੱਸਿਆ ਕਿ ਉਸ ਦੀ 16 ਸਾਲਾ ਭੈਣ ਨੇਹਾ, ਜੋ ਅਬੋਹਰ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ 10ਵੀਂ ਜਮਾਤ ਦੀ ਵਿਦਿਆਰਥਣ ਸੀ, ਕਰੀਬ ਛੇ ਵਜੇ ਕੰਧਵਾਲਾ ਬਾਈਪਾਸ ਉੱਤੇ ਸੈਰ ਕਰ ਰਹੀ ਸੀ ਕਿ ਅਚਾਨਕ ਤੇਜ਼ ਰਫ਼ਤਾਰ ਟਰਾਲਾ ਪਿੱਛੋਂ ਆਇਆ ਅਤੇ ਉਸ ਨੂੰ ਕੁਚਲ ਕੇ ਅੱਗੇ ਨਿਕਲ ਗਿਆ, ਜਿਸ ਕਾਰਨ ਨੇਹਾ ਦੀ ਮੌਕੇ ਉੱਤੇ ਮੌਤ ਹੋ ਗਈ। ਨੇਹਾ ਦੇ ਨਾਲ 9 ਸਾਲਾਂ ਬੱਚਾ ਅਨਮੋਲ ਵੀ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਦਾਖ਼ਲ ਕਰਾਇਆ ਤਾਂ ਉਸਦੀ ਹਾਲਤ ਗੰਭੀਰ ਵੇਖ ਕੇ ਅੱਗੇ ਰੈਫ਼ਰ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਨਾਲ ਸੈਰ ਕਰਦੀ ਗਗਨਪ੍ਰੀਤ ਕੌਰ ਖੁਦ ਨੂੰ ਬਚਾਉਂਦੀ ਝਾੜੀਆਂ ਵਿੱਚ ਜਾ ਡਿੱਗੀ, ਜਿਸ ਕਾਰਨ ਉਹ ਮਾਮੂਲੀ ਜ਼ਖ਼ਮੀ ਹੋ ਗਈ, ਪਰ ਰਾਹੁਲ ਅਤੇ ਜਸਵਿੰਦਰ ਸਿੰਘ ਵਾਲ-ਵਾਲ ਬਚ ਗਏ। ਸੂਚਨਾ ਮਿਲਦੇ ਸਾਰ 108 ਐਬੂਲੈਂਸ ਮੌਕੇ ਉੱਤੇ ਪੁੱਜੀ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ। ਥਾਣਾ ਸਿਟੀ 2 ਪੁਲਸ ਨੇ ਅਣਪਛਾਤੇ ਟਰਾਲਾ ਚਾਲਕ ਵਿਰੁੱਧ ਕੇਸ ਦਰਜ ਕਰ ਲਿਆ ਹੈ।

# ਪੁਲਸ ਅਧਿਕਾਰੀ ਨੇ ਮੁੱਖ ਮੰਤਰੀ ਸਾਹਮਣੇ ਪ੍ਰੋਟੋਕਾਲ ਦੀਆਂ ਧੱਜੀਆਂ ਉਡਾਈਆਂ

ਬਠਿੰਡਾ, 28 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਡੀ ਐਸ ਪੀ ਨੇ ਮੰਡੀ ਕਲਾਂ ਵਿੱਚ ਪ੍ਰੋਟੋਕਾਲ ਦੀਆਂ ਧੱਜੀਆਂ ਉਡਾ ਦਿੱਤਆਂ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਕਿਸਾਨ ਦੇ ਘਰ ਵਿੱਚ ਮੁੱਖ ਮੰਤਰੀ ਮੰਜੀ ਉਤੇ ਬੈਠ ਕੇ ਨਸ਼ੇ ਦੇ ਖ਼ਿਲਾਫ਼ ਆਦੇਸ਼ ਦੇ ਰਹੇ ਸਨ। ਉਦੋਂ ਉਨ੍ਹਾਂ ਦੀ ਸੁਰੱਖਿਆ ਵਿੱਚ ਤਾਇਨਾਤ ਡੀ ਐਸ ਪੀ ਸਿਟੀ ਵਨ ਗੁਰਜੀਤ ਸਿੰਘ ਰੋਮਾਣਾ ਉਸੇ ਮੰਜੀ ਉਤੇ ਪੈਰ ਰੱਖ ਕੇ ਮੁੱਖ ਮੰਤਰੀ ਦੇ ਪਿੱਛੇ ਖੜ੍ਹੇ ਹੋਏ ਸਨ।




ਇਸ ਸਬੰਧੀ ਵੀਡੀਓ ਅਤੇ ਫੋਟੋ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ, ਜਿਸ ਮੁਤਾਬਕ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੱਲ੍ਹ ਜ਼ਿਲ੍ਹੇ ਵਿੱਚ ਕਪਾਹ ਦੀ ਖ਼ਰਾਬ ਫਸਲ ਦਾ ਜਾਇਜ਼ਾ ਲੈਣ ਗਏ ਸਨ। ਇਸ ਪਿੱਛੋਂ ਉਹ ਪਿੰਡ ਮੰਡੀ ਕਲਾਂ ਪੁੱਜੇ, ਜਿੱਥੇ ਮੁੱਖ ਮੰਤਰੀ ਨੇ ਕਿਸਾਨ ਅੰਦੋਲਨ ਵਿੱਚ ਜਾਨ ਗਵਾ ਚੁੱਕੇ ਖੇਤ ਮਜ਼ਦੂਰ ਸੁਖਪਾਲ ਸਿੰਘ ਦੇ ਵੱਡੇ ਭਰਾ ਨੱਥਾ ਸਿੰਘ ਨੂੰ ਨਿਯੁਕਤੀ ਪੱਤਰ ਦਿੱਤਾ। ਉਨ੍ਹਾਂ ਨੇ ਅਫ਼ਸਰਾਂ ਨੂੰ ਉਸ ਦਾ ਘਰ ਬਣਾਉਣ ਵਿੱਚ ਜ਼ਰੂਰੀ ਮਦਦ ਵੀ ਦੇਣ ਨੂੰ ਕਿਹਾ। ਇਸ ਦੌਰਾਨ ਜਦੋਂ ਕੁਝ ਪਿੰਡ ਵਾਲਿਆਂ ਨੇ ਪਿੰਡ ਵਿੱਚ ਨਸ਼ਾ ਸ਼ਰੇਆਮ ਵਿਕਣ ਸਬੰਧੀ ਮੁੱਖ ਮੰਤਰੀ ਨੂੰ ਦੱਸਿਆ ਤਾਂ ਮੁੱਖ ਮੰਤਰੀ ਮੰਜੀ ਉਤੇ ਬੈਠ ਕੇ ਮੌਕੇ ਉਤੇ ਤਾਇਨਾਤ ਪੁਲਸ ਅਧਿਕਾਰੀਆਂ ਨੂੰ ਆਦੇਸ਼ ਦੇ ਰਹੇ ਸਨ। ਇਸ ਦੌਰਾਨ ਵੇਖਿਆ ਗਿਆ ਕਿ ਮੁੱਖ ਮੰਤਰੀ ਦੀ ਸੁਰੱਖਿਆ ਵਿੱਚ ਤਾਇਨਾਤ ਡੀ ਐਸ ਪੀ ਗੁਰਜੀਤ ਸਿੰਘ ਰੋਮਾਣਾ ਮੁੱਖ ਮੰਤਰੀ ਦੇ ਬਿਲਕੁਲ ਪਿੱਛੇ ਮੰਜੀ ਉੱਤੇ ਪੈਰ ਰੱਖ ਕੇ ਫਿਲਮੀ ਸਟਾਈਲ ਵਿੱਚ ਖੜ੍ਹੇ ਸਨ।ਡੀ ਐਸ ਪੀ ਗੁਰਜੀਤ ਰੋਮਾਣਾ ਦਾ ਕਹਿਣਾ ਹੈ ਕਿ ਮੰਜੀ ਉਤੇ ਜ਼ਿਆਦਾ ਲੋਕਾਂ ਦੇ ਬੈਠ ਜਾਣ ਕਾਰਨ ਮੰਜੀ ਇੱਕ ਪਾਸੇ ਤੋਂ ਉਠ ਗਈ ਸੀ, ਜਿਸ ਕਾਰਨ ਉਨ੍ਹਾਂ ਨੇ ਸੁਰੱਖਿਆ ਦੇ ਲਿਹਾਜ਼ ਨਾਲ ਮੰਜੀ ਉਤੇ ਪੈਰ ਰੱਖਿਆ ਸੀ।

# ਨਵਾਂ ਚੀਫ ਡਾਇਰੈਕਟਰ ਵਿਜੀਲੈਂਸ ਲਾਉਣ ਲਈ ਸਰਕਾਰ ਸਾਹਮਣੇ ਕਾਨੂੰਨੀ ਦਿੱਕਤਾਂ


ਚੰਡੀਗੜ੍ਹ, 28 ਸਤੰਬਰ (ਪੋਸਟ ਬਿਊਰੋ)- ਪੰਜਾਬ ਦੀ ਨਵੀਂ ਸਰਕਾਰ ਨਵਾਂ ਚੀਫ ਡਾਇਰੈਕਟਰ ਵਿਜੀਲੈਂਸ ਲਗਾਉਣਾ ਚਾਹੁੰਦੀ ਹੈ, ਪਰ ਕਾਨੂੰਨੀ ਦਿੱਕਤਾਂ ਕਾਰਨ ਅਜੇ ਇਸ ਵਿੱਚ ਸਫਲ ਨਹੀਂ ਹੋ ਰਹੀ।

ਵਰਨਣ ਯੋਗ ਹੈ ਕਿ ਕਈ ਸੀਨੀਅਰ ਪੁਲਸ ਅਫਸਰ ਚੀਫ ਡਾਇਰੈਕਟਰ ਵਿਜੀਲੈਂਸ ਲੱਗਣ ਦੀ ਦੌੜ ਵਿੱਚ ਹਨ। ਨਵਾਂ ਡਾਇਰੈਕਟਰ ਲਾਉਣ ਦੀ ਪਾਵਰ ਅਜੇ ਸਰਕਾਰ ਦੇ ਕੋਲ ਨਹੀਂ, ਇਹ ਪਾਵਰ ਚੀਫ ਵਿਜੀਲੈਂਸ ਕਮਿਸ਼ਨਰ ਅਤੇ ਉਸ ਦੇ ਸਾਥੀ ਕਮਿਸ਼ਨਰਾਂ ਕੋਲ ਹੈ। ਇਸ ਸਮੇਂ ਜਸਟਿਸ ਮਹਿਤਾਬ ਸਿੰਘ ਗਿੱਲ (ਰਿਟਾਇਰਡ) ਚੀਫ ਵਿਜੀਲੈਂਸ ਕਮਿਸ਼ਨਰ ਹਨ। ਚੀਫ ਡਾਇਰੈਕਟਰ (ਵਿਜੀਲੈਂਸ) ਲਾਉਣ ਲਈ ਉਨ੍ਹਾਂ ਦੇ ਨਾਲ ਪੈਨਲ ਵਿੱਚ ਚੀਫ ਸੈਕਟਰੀ ਤੇ ਗ੍ਰਹਿ ਸੈਕਟਰੀ ਹੁੰਦੇ ਹਨ। ਇਹ ਤਿੰਨੇ ਚੀਫ ਡਾਇਰੈਕਟਰ ਦਾ ਫੈਸਲਾ ਕਰਦੇ ਹਨ।ਸਰਕਾਰੀ ਸੂਤਰਾਂ ਦੇ ਮੁਤਾਬਕ ਪੰਜਾਬ ਸਟੇਟ ਵਿਜੀਲੈਂਸ ਐਕਟ 2020 ਹੇਠ ਚੀਫ ਵਿਜੀਲੈਂਸ ਕਮਿਸ਼ਨਰ ਦੇ ਕੋਲ ਬਹੁਤ ਤਾਕਤ ਹੈ। ਚੀਫ ਡਾਇਰੈਕਟਰ ਲਾਉਣ ਲਈ ਉਨ੍ਹਾਂ ਦੀ ਸਹਿਮਤੀ ਜ਼ਰੂਰੀ ਹੈ। ਐਕਟ ਦੀ ਧਾਰਾ 24 ਹੇਠ ਤਿੰਨ ਮੈਂਬਰਾਂ ਦੀ ਇੱਕ ਕਮੇਟੀ ਬਣਦੀ ਹੈ ਤੇ ਇਸ ਕਮੇਟੀ ਵਿੱਚ ਚੀਫ ਵਿਜੀਲੈਂਸ ਕਮਿਸ਼ਨਰ, ਚੀਫ ਸੈਕਟਰੀ ਤੇ ਹੋਮ ਸੈਕਟਰੀ ਰਹਿੰਦੇ ਹਨ ਤੇ ਜਿਸ ਦਾ ਨਾਂਅ ਨਿਯਮਾਂ ਮੁਤਾਬਕ ਇਹ ਕਮੇਟੀ ਫਾਈਨਲ ਕਰ ਦੇਵੇਗੀ, ਉਹੀ ਚੀਫ ਡਾਇਰੈਕਟਰ ਲੱਗੇਗਾ।ਸੂਤਰਾਂ ਮੁਤਾਬਕ ਜੇ ਚੀਫ ਵਿਜੀਲੈਂਸ ਕਮਿਸ਼ਨਰ ਕਮੇਟੀ ਦੇ ਦੂਸਰੇ ਮੈਂਬਰਾਂ ਨਾਲ ਸਹਿਮਤ ਨਾ ਹੋਵੇ ਤਾਂ ਵਿਜੀਲੈਂਸ ਕਮਿਸ਼ਨਰ ਨੂੰ ਤਾਕਤ ਹੈ ਕਿ ਉਸ ਦੇ ਫੈਸਲੇ ਨੂੰ ਅੰਤਿਮ ਮੰਨਿਆ ਜਾਏ। ਇਸ ਸਮੇਂ ਬੀ ਕੇ ਉਪਲ ਚੀਫ ਡਾਇਰੈਕਟਰ ਵਿਜੀਲੈਂਸ ਹਨ। ਵਿਜੀਲੈਂਸ ਦੇ ਕੋਲ ਕਈ ਵੱਡੇ ਕੇਸ ਹਨ। ਇਨ੍ਹਾਂ ਵਿੱਚ ਸੁਮੇਧ ਸਿੰਘ ਸੈਣੀ ਦਾ ਕੇਸ ਵੀ ਹੈ।




# ਨੀਟ ਦਾ ਇਮਤਿਹਾਨੀ ਪੈਟਰਨ ਬਦਲਣ ਉੱਤੇ ਸੁਪਰੀਮ ਕੋਰਟ ਨਾਰਾਜ਼




ਨਵੀਂ ਦਿੱਲੀ, 28 ਸਤੰਬਰ (ਪੋਸਟ ਬਿਊਰੋ)- ਨੀਟ-ਐਸ ਐਸ ਦਾ ਇਮਤਿਹਾਨੀਪੈਟਰਨ ਆਖਰੀ ਸਮੇਂ ਵਿੱਚ ਬਦਲਣ ਉੱਤੇ ਸੁਪਰੀਮ ਕੋਰਟ ਨੇ ਨਾਰਾਜ਼ਗੀ ਪ੍ਰਗਟਾਉਂਦੇ ਹੋਏ ਕੇਂਦਰ ਨੂੰ ਝਾੜ ਪਾਈ ਹੈ।

ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਕਿਹਾ, ''ਸੱਤਾ ਦੀ ਖੇਡ ਵਿੱਚ ਸਰਕਾਰ ਡਾਕਟਰਾਂ ਨੂੰ ਫੁੱਟਬਾਲ ਨਾ ਸਮਝੇ।'' ਸੁਪਰ ਸਪੈਸ਼ਲਿਟੀ ਕੋਰਸਾਂ ਲਈ ਹੋਣ ਵਾਲੀ ਨੈਸ਼ਨਲ ਇਲੀਜੀਬਿਲਟੀ-ਕਮ-ਦਾਖਲਾ ਇਮਤਿਹਾਨ(ਨੀਟ) ਦਾ ਪੈਟਰਨ ਆਖਰੀ ਸਮੇਂਬਦਲਣ ਦੇ ਫੈਸਲੇ ਉੱਤੇ ਮੁੜ-ਵਿਚਾਰ ਕਰਨ ਲਈ ਅਦਾਲਤ ਨੇ ਸਰਕਾਰ ਨੂੰ ਇੱਕ ਹਫ਼ਤੇ ਦਾ ਸਮਾਂ ਦਿੱਤਾ ਹੈ। ਨੀਟ-ਐਸ ਐਸ ਇਮਤਿਹਾਨ 13 ਅਤੇ 14 ਨਵੰਬਰ 2021 ਨੂੰ ਹੋਣਾ ਹੈ।ਇਸ ਦਾ ਨੋਟੀਫਿਕੇਸ਼ਨ 23 ਜੁਲਾਈ ਨੂੰ ਜਾਰੀ ਹੋਇਆ ਸੀ, ਪਰ ਇੱਕ ਮਹੀਨੇ ਬਾਅਦ 31 ਅਗਸਤ ਨੂੰ ਨੈਸ਼ਨਲ ਬੋਰਡ ਆਫ ਐਗਜਾਮੀਨੇਸ਼ਨ (ਐਨ ਬੀ ਈ) ਨੇ ਇਮਤਿਹਾਨਾਂ ਦੇ ਪੈਟਰਨ ਵਿੱਚ ਬਦਲਾਅ ਕਰ ਕੇ ਇੱਕ ਬੁਕਲੈਟ ਜਾਰੀ ਕੀਤੀ ਸੀ।ਸਰਕਾਰ ਵੱਲੋਂ ਇਮਤਿਹਾਨ ਪੈਟਰਨ ਬਦਲਣ ਦੇ ਫੈਸਲੇ ਨਾਲ ਇਮਤਿਹਾਨਾਂਦੀ ਤਿਆਰੀ ਵਿੱਚ ਲੱਗੇ ਡਾਕਟਰਾਂ ਦੇ ਸਾਹਮਣੇ ਨਵੀਂ ਮੁਸ਼ਕਲ ਖੜ੍ਹੀ ਹੋ ਗਈ ਹੈ, ਕਿਉਂਕਿ ਡਾਕਟਰ ਨੀਟ-ਐਸ ਐਸ ਪ੍ਰੀਖਿਆ ਦੀ ਤਿਆਰੀ 2018 ਦੇ ਨਿਰਾਧਰਤ ਪੈਟਰਨ ਦੇ ਆਧਾਰ ਉੱਤੇ ਕਰ ਰਹੇ ਸਨ। ਰਾਸ਼ਟਰੀ ਪ੍ਰੀਖਿਆ ਬੋਰਡ ਦੇ ਇਸ ਫੈਸਲੇ ਨੂੰ 41 ਡਾਕਟਰਾਂ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ।ਸਰਕਾਰ ਦੇ ਫੈਸਲੇ ਤੋਂ ਨਾਰਾਜ਼ ਅਦਾਲਤ ਨੇ ਕਿਹਾ, 'ਤੁਸੀਂ ਇਸ ਤਰ੍ਹਾਂ ਨੌਜਵਾਨ ਡਾਕਟਰਾਂ ਦੀ ਜ਼ਿੰਦਗੀ ਨਾਲ ਖਿਲਵਾੜ ਨਹੀਂ ਕਰ ਸਕਦੇ।' ਬੈਂਚ ਨੇ ਕਿਹਾ ਕਿ ਇਮਤਿਹਾਨਾਂਦਾ ਪੈਟਰਨ ਬਦਲਣ ਦੇ ਫੈਸਲੇ ਨੂੰ ਇਸ ਸਾਲ ਟਾਲਣਬਾਰੇ ਸੋਚੋ, ਕਿਉਂਕਿ ਡਾਕਟਰਾਂ ਨੇ ਤਿਆਰੀ ਲਈ ਸਾਲਾਂ ਬੱਧੀ ਮਿਹਨਤ ਕੀਤੀ ਹੈ ਅਤੇ ਇਮਤਿਹਾਨਾਂ ਲਈ ਸਿਰਫ਼ ਦੋ ਮਹੀਨੇ ਦਾ ਬਾਕੀ ਹਨ।

# 1984 ਦੇ ਸਿੱਖ ਦੰਗਾ ਪੀੜਤਾਂ ਨੂੰ 37 ਸਾਲ ਬਾਅਦ ਵੀ ਪੂਰੀ ਰਾਹਤ ਨਹੀਂ ਮਿਲ ਸਕੀ

## * ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੂੰ ਸ਼ਿਕਾਇਤ




ਨਵੀਂ ਦਿੱਲੀ, 28 ਸਤੰਬਰ (ਪੋਸਟ ਬਿਊਰੋ)- ਸਿੱਖ ਸਮਾਜ ਸੇਵਾ ਕਮੇਟੀ ਅਤੇ ਗੁਰੂ ਨਾਨਕ ਮਾਰਕੀਟ ਐਸੋਸੀਏਸ਼ਨ ਨੇ ਦਿੱਲੀ ਸਰਕਾਰ ਤੋਂ 1984 ਦੇ ਸਿੱਖ ਦੰਗਾ ਪੀੜਤਾਂ ਅਤੇ ਪਰਵਾਰਾਂ ਲਈ ਸਰਕਾਰ ਦੁਆਰਾ ਜਾਰੀ ਕੀਤੇ ਦਿਸ਼ਾ-ਨਿਰਦੇਸ਼ ਵੱਖ-ਵੱਖ ਰਾਹਤ ਢੰਗਾਂ ਦੇ ਐਲਾਨਾਂ ਨੂੰ ਅਮਲ ਵਿੱਚ ਲਿਆਉਣ ਦੀ ਮੰਗ ਕੀਤੀ ਹੈ। ਦੋਨਾਂ ਸੰਸਥਾਵਾਂ ਨੇ ਦੋਸ਼ ਲਾਇਆ ਹੈ ਕਿ ਦਿੱਲੀ ਸਰਕਾਰ ਵੱਲੋਂ 37 ਸਾਲ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸ ਬਾਰੇ ਇਨ੍ਹਾਂ ਸੰਸਥਾਵਾਂ ਨੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ ਡੇਨੀਅਲ ਏ ਰਿਚਰਡਜ਼ ਨਾਲ ਬੈਠਕ ਕਰ ਕੇ ਉਨ੍ਹਾਂ ਨੂੰ ਤੱਥਾਂ ਉੱਤੇ ਆਧਾਰਤ ਇੱਕ ਬਿਨੈ-ਪੱਤਰ ਵੀ ਦਿਤਾ ਹੈ। ਇਸ ਵਿੱਚ ਕਮਿਸ਼ਨ ਨੇ ਸਿੱਖ ਵਿਦਿਆਰਥੀਆਂ ਉੱਤੇਇਮਤਿਹਾਨਾਂ ਦੌਰਾਨ ਕੜਾ ਤੇ ਕਿਰਪਾਨ ਧਾਰਨ ਕਰਨ ਦੀਆਂ ਪਾਬੰਦੀਆਂ ਵਿੱਚ ਉਨ੍ਹਾਂ ਨੂੰ ਰਾਹਤ ਦੇਣ ਲਈ ਨੈਸ਼ਨਲ ਟੈਸਟਿੰਗ ਏਜੰਸੀ ਨੂੰ ਚਿੱਠੀ ਵੀ ਲਿਖੀ ਹੈ। ਦੋਵਾਂ ਸੰਸਥਾਵਾਂ ਨੇ ਆਪਣੀ ਚਿੱਠੀ ਦੀ ਯਾਦ ਦਿਵਾਉਂਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੇ ਆਰਥਿਕ ਤੌਰ ਉੱਤੇ ਕਮਜ਼ੋਰ ਪੀੜਤ ਪਰਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਵਿੱਚਮਦਦ ਪ੍ਰਦਾਨ ਕਰਨ ਲਈ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ/ਘੱਟ ਗਿਣਤੀ ਦਫਤਰ ਬਣਾਉਣ ਦਾ ਐਲਾਨ ਕੀਤਾ ਸੀ, ਪਰ ਅੱਜ ਤਕ ਬਣੇ ਨਹੀਂ। ਸਮਰੱਥ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਦਿੱਲੀ ਸਰਕਾਰ ਦੇ ਮੁੱਖ ਸੈਕਟਰੀ ਤੋਂ ਨਵੀਂ ਕਾਰਵਾਈ ਰਿਪੋਰਟ ਦੇਣ ਨੂੰ ਕਿਹਾ ਹੈ। ਇਸ ਦੌਰਾਨ ਐਨ ਸੀ ਐਸ ਦੇ ਪ੍ਰਧਾਨ ਡੇਨੀਅਲ ਏ ਰਿਚਰਡਜ਼ ਨੇ ਰਾਸ਼ਟਰੀ ਪੱਧਰ 'ਤੇ ਇਮਤਿਹਾਨਾਂਬਾਰੇ ਏਜੰਸੀ ਦੇ ਪ੍ਰਧਾਨ ਪ੍ਰੋ. ਐਮ ਐਸ ਅਨੰਤ ਨੂੰ ਪੱਤਰ ਲਿਖ ਕੇ ਸਿੱਖ ਭਾਈਚਾਰੇ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਮਤਿਹਾਨਾਂ ਮੌਕੇ ਉਨ੍ਹਾਂ ਦੇ ਧਾਰਮਿਕ ਪ੍ਰਤੀਕਾਂ ਕੜਾ ਜਾ ਕਿਰਪਾਨ ਦੀਆਂਪਾਬੰਦੀਆਂ ਬਾਰੇ ਮੁੜ ਵਿਚਾਰ ਲਈ ਕਿਹਾ ਹੈ।

# ਪਤਨੀ ਨੂੰ ਤਲਾਕ ਦੇਣ ਦੇ ਇੱਕ-ਤਰਫ਼ਾ ਅਧਿਕਾਰ ਦੇ ਖ਼ਿਲਾਫ਼ ਪਟੀਸ਼ਨ ਰੱਦ




ਨਵੀਂ ਦਿੱਲੀ, 28 ਸਤੰਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਮੁਸਲਿਮ ਪਤੀ ਵੱਲੋਂ ਆਪਣੀ ਪਤਨੀ ਨੂੰ ਕਿਸੇ ਵੀ ਸਮੇਂ, ਬਿਨਾਂ ਕਾਰਨ ਅਤੇ ਪਹਿਲਾਂ ਨੋਟਿਸ ਦਿੱਤੇ ਬਿਨਾਂ ਤਲਾਕ (ਤਲਾਕ-ਉਲ-ਸੁੰਨਤ) ਦੇਣ ਦੇ 'ਇੱਕ-ਤਰਫ਼ਾ ਅਧਿਕਾਰ' ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਇਹ ਕਹਿੰਦੇ ਹੋਏ ਰੱਦ ਕਰ ਦਿੱਤੀ ਕਿ ਪਾਰਲੀਮੈਂਟ ਇਸ ਸਬੰਧ ਵਿੱਚਪਹਿਲਾਂ ਕਾਨੂੰਨ ਪਾਸ ਕਰ ਚੁੱਕੀ ਹੈ। ਅਦਾਲਤ ਨੇ ਕਿਹਾ, 'ਸਾਨੂੰ ਇਹ ਪਟੀਸ਼ਨ ਸੁਣਵਾਈ ਦੇ ਯੋਗ ਨਹੀਂ ਲੱਗਦੀ, ਕਿਉਂਕਿ ਪਾਰਲੀਮੈਂਟਇਸ ਵਿਚ ਪਹਿਲਾਂ ਦਾਖਲ ਦੇ ਚੁੱਕੀ ਹੈ ਅਤੇ ਉਸ ਨੇ ਉਕਤ ਕਾਨੂੰਨ ਮੁਸਲਿਮ ਮਹਿਲਾ (ਵਿਆਹ, ਅਧਿਕਾਰ, ਹਿਫ਼ਾਜ਼ਤ) ਐਕਟ, 2019 ਨੂੰ ਲਾਗੂ ਕੀਤਾ ਹੈ।' ਇਸ ਨਾਲ ਮਾਮਲਾ ਸਾਫ ਹੋ ਜਾਂਦਾ ਹੈ।

ਪਟੀਸ਼ਨਕਰਤਾ ਔਰਤ ਨੂੰ ਸ਼ੱਕ ਹੈ ਕਿ ਉਸਦਾ ਪਤੀ ਤਲਾਕ-ਉਲ-ਸੁੰਨਤ ਦਾ ਸਹਾਰਾ ਲੈ ਕੇ ਉਸ ਨੂੰ ਤਲਾਕ ਦੇ ਦੇਵੇਗਾ। ਅਦਾਲਤ ਨੇ ਕਿਹਾ, 'ਸਾਡੇ ਵਿਚਾਰ ਨਾਲ ਮੁਸਲਿਮ ਔਰਤ (ਵਿਆਹ,ਅਧਿਕਾਰ,ਹਿਫ਼ਾਜ਼ਤ) ਐਕਟ, 2019 ਅਤੇ ਵਿਸ਼ੇਸ਼ ਤੌਰ ਉੱਤੇ ਉਸ ਦੀ ਧਾਰਾ ਤਿੰਨ ਦੇ ਕਾਨੂੰਨ ਦੇ ਮੱਦੇਨਜ਼ਰ ਇਹ ਪਟੀਸ਼ਨ ਪੂਰੀ ਤਰ੍ਹਾਂ ਗਲਤ ਹੈ।' ਕਾਨੂੰਨ ਦੀ ਧਾਰਾ ਤਿੰਨ ਦੇ ਅਨੁਸਾਰ ਕਿਸੇ ਮੁਸਲਿਮ ਪਤੀ ਵੱਲੋਂ ਲਿਖਤੀ ਜਾਂ ਜ਼ੁਬਾਨੀ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਆਪਣੀ ਪਤਨੀ ਨੂੰ ਇਸ ਤਰ੍ਹਾਂ ਤਲਾਕ ਦੇਣ ਦਾ ਕੋਈ ਵੀ ਐਲਾਨ ਕਰਨਾ ਗ਼ੈਰ-ਕਾਨੂੰਨੀ ਹੈ।

# ਤਾਲਿਬਾਨ ਨੇ ਦਾੜ੍ਹੀ ਕੱਟਣ ਉਤੇ ਵੀ ਰੋਕ ਲਾ ਦਿੱਤੀ



ਕਾਬੁਲ, 28 ਸਤੰਬਰ (ਪੋਸਟ ਬਿਊਰੋ)- ਤਾਲਿਬਾਨ ਨੇ ਦਾੜ੍ਹੀ ਕੱਟਣ ਜਾਂ ਸ਼ੇਵ ਕਰਨ 'ਤੇ ਵੀ ਰੋਕ ਲਾ ਦਿੱਤੀ ਹੈ। ਸੈਲੂਨ ਸੰਚਾਲਕਾਂ ਤੇ ਹੋਰਨਾਂ ਨੂੰ ਜਾਰੀ ਪੱਤਰ ਵਿੱਚ ਦਾੜ੍ਹੀ ਕੱਟਣ ਜਾਂ ਸ਼ੇਵ ਕਰਨ ਨੂੰ ਇਸਲਾਮੀ ਕਾਨੂੰਨ ਦੀ ਉਲੰਘਣਾ ਦੱਸਿਆ ਗਿਆ ਹੈ ਤੇ ਅਜਿਹਾ ਕਰਨ ਵਾਲਿਆਂ ਨੂੰ ਸਖਤ ਸਜ਼ਾ ਦੀ ਚਿਤਾਵਨੀ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਤਾਲਿਬਾਨ ਦੇ ਪੱਤਰ ਦਾ ਹਵਾਲਾ ਦਿੰਦਿਆਂ 'ਦਿ ਫਰੰਟੀਅਰ ਪੋਸਟ' ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਮੁਤਾਬਕ ਤਾਲਿਬਾਨ ਨੇ ਵਾਲਾਂ ਦੀ ਸਟਾਈਲਿਸ਼ ਕਟਿੰਗ ਅਤੇ ਦਾੜ੍ਹੀ ਦੀ ਸ਼ੇਵਿੰਗ ਕਰਨ ਉੱਤੇ ਵੀ ਰੋਕ ਲਾ ਦਿੱਤੀ ਹੈ। ਇਸਲਾਮਿਕ ਮਾਮਲਿਆਂ ਦੇ ਮੰਤਰਾਲੇ ਦੇ ਅਧਿਕਾਰੀਆਂ ਨੇ ਹੇਲਮੰਡ ਸੂਬੇ ਦੀ ਰਾਜਧਾਨੀ ਲਸ਼ਕਰ ਗਾਹ ਵਿੱਚ ਮਰਦਾਂ ਦੇ ਸੈਲੂਨ ਦਾ ਸੰਚਾਲਣ ਕਰਨ ਵਾਲਿਆਂ ਨਾਲ ਬੈਠਕ ਕੀਤੀ ਅਤੇ ਉਨ੍ਹਾਂ ਨੂੰ ਦਾੜ੍ਹੀ ਦੀ ਸ਼ੇਵਿੰਗ ਤੇ ਵਾਲਾਂ ਦੀ ਸਟਾਈਲਿਸ਼ ਕਟਿੰਗ ਨਾ ਕਰਨ ਦੀ ਸਲਾਹ ਦਿੱਤੀ।ਇੰਟਰਨੈਟ ਮੀਡੀਆ ਉੱਤੇ ਵਾਇਰਲ ਇਸ ਹੁਕਮ ਦੇ ਵਿੱਚ ਸੈਲੂਨ ਸੰਚਾਲਕਾਂ ਨੂੰ ਆਪਣੇ ਅਦਾਰੇ ਵਿੱਚ ਸੰਗੀਤ ਜਾਂ ਭਜਨ ਵਜਾਉਣ ਤੋਂ ਵੀ ਮਨ੍ਹਾ ਕੀਤਾ ਗਿਆ ਹੈ। ਆਈ ਏ ਐਸ ਐਸ ਨੇ ਬੀ ਬੀ ਸੀ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਕਾਬੁਲ ਦੇ ਕੁਝ ਸੈਲੂਨ ਸੰਚਾਲਕ ਇਸ ਹੁਕਮ ਦੀ ਪੁਸ਼ਟੀ ਕਰ ਰਹੇ ਹਨ। ਹੁਕਮ ਵਿੱਚ ਕਿਹਾ ਗਿਆ ਹੈ ਕਿ ਇਸ ਦੇ ਖਿਲਾਫ ਕਿਸੇ ਨੂੰ ਵੀ ਸ਼ਿਕਾਇਤ ਕਰਨ ਦੀ ਇਜਾਜ਼ਤ ਨਹੀਂ ਹੈ। ਸੈਲੂਨ ਸੰਚਾਲਕਾਂ ਦਾ ਕਹਿਣਾ ਹੈ ਕਿ ਗਾਹਕਾਂ ਨੇ ਵੀ ਦਾੜ੍ਹੀ ਸ਼ੇਵ ਕਰਵਾਉਣੀ ਬੰਦ ਕਰ ਦਿੱਤੀ ਹੈ। ਤਾਲਿਬਾਨ 1996-01 ਦੇ ਆਪਣੇ ਸ਼ਾਸਨ ਦੌਰਾਨ ਲਾਗੂ ਇਸਲਾਮਿਕ ਸ਼ਰੀਆ ਕਾਨੂੰਨ ਨੂੰ ਮੁੜ ਤੋਂ ਲਾਗੂ ਕਰ ਰਿਹਾ ਹੈ।

# ਗੁਜਰਾਤ ਦੇ ਹਸਪਤਾਲਾਂ ਵਿੱਚੋਂ ਮਰੀਜ਼ਾਂ ਦਾ 12.5 ਕਰੋੜ ਰੁਪਏ ਦਾ ਸੋਨਾ ਗਾਇਬ



ਅਹਿਮਦਾਬਾਦ, 28 ਸਤੰਬਰ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੌਰਾਨ ਹਸਪਤਾਲਾਂ ਦੇ ਪ੍ਰਬੰਧਾਂ ਸਬੰਧੀ ਨਾਕਾਮੀਆਂ ਪਿੱਛਾ ਨਹੀਂ ਛੱਡ ਰਹੀਆਂ ਹਨ। ਇੱਕ ਮੁਲਾਂਕਣ ਵਿੱਚ ਭੇਦ ਖੁੱਲ੍ਹਾ ਹੈ ਕਿ ਹਸਪਤਾਲਾਂ ਵਿੱਚ ਕੋਰੋਨਾ ਦੇ ਨਾਲ ਮਰਨ ਵਾਲੇ ਮਰੀਜ਼ਾਂ ਦਾ ਕਰੀਬ 12.5 ਕਰੋੜ ਰੁਪਏ ਦਾ ਸੋਨਾ ਗਾਇਬ ਹੈ। ਇਹ ਅੰਕੜਾ ਸਿਰਫ ਇੱਕ ਸ਼ਹਿਰ ਦਾ ਹੈ। ਪੂਰੇ ਗੁਜਰਾਤ ਸੂਬੇ ਦਾ ਮੁਲਾਂਕਣ ਕੀਤਾ ਜਾਏ ਤਾਂ ਗਹਿਣਿਆਂ ਦੇ ਗਾਇਬ ਹੋਣ ਦਾ ਅੰਕੜਾ ਵੱਧ ਹੋ ਸਕਦਾ ਹੈ।

ਅਹਿਮਦਾਬਾਦ ਵਿੱਚ ਕੋਰੋਨਾ ਨਾਲ ਮਰਨ ਵਾਲਿਆਂ ਦਾ ਸਰਕਾਰੀ ਅੰਕੜਾ 3,350 ਹੈ। ਕੋ-ਮਾਰਬਿਡ ਮ੍ਰਿਤਕਾਂ ਨੂੰ ਜੋੜਿਆ ਜਾਏ ਤਾਂ ਅੰਕੜਾ ਤਿੰਨ ਗੁਣਾ ਤੋਂ ਵੱਧ ਹੋਵੇਗਾ। ਅਹਿਮਦਾਬਾਦ ਵਿੱਚ 10 ਹਜ਼ਾਰ ਲੋਕਾਂ ਦੀ ਮੌਤ ਕੋਰੋਨਾ ਨਾਲ ਹੋਈ ਹੈ। ਇਸ ਵਿੱਚ 50 ਫੀਸਦੀ ਔਰਤਾਂ ਸਨ। ਹਰ ਔਰਤ ਦੇ ਲਈ ਨਥ, ਮੰਗਲ ਸੂਤਰ (ਜ਼ਿਆਦਾਤਰ ਸੋਨੇ ਦੇ) ਅਤੇ ਚੂੜੀਆਂ ਹੱਥ ਵਿੱਚ ਹੋਣਾ ਸੁਹਾਗ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਸ਼ਾਇਦ ਹੀ ਕੋਈ ਔਰਤ ਹੋਵੇ ਕਿ ਸਿਹਤ ਵਿਗੜਨ ਉੱਤੇ ਕੋਈ ਪਰਵਾਰ ਇਨ੍ਹਾਂ ਗਹਿਣਿਆਂ ਨੂੰ ਉਤਾਰ ਕੇ ਹਸਪਤਾਲ ਵਿੱਚ ਭਰਤੀ ਕਰੇ। ਇਸ ਤਰ੍ਹਾਂ ਅੰਦਾਜ਼ਨ ਇੱਕ ਔਰਤ ਪੰਜ ਗਰਾਮ ਸੋਨਾ ਹਰ ਸਮੇਂ ਪਾਈ ਰੱਖਦੀ ਹੈ। ਪੰਜ ਗਰਾਮ ਦੇ ਹਿਸਾਬ ਨਾਲ ਪੰਜ ਹਜ਼ਾਰ ਔਰਤਾਂ ਦੀ ਮੌਤ ਨਾਲ ਇਹ ਅੰਕੜਾ ਜੋੜੀਏ ਤਾਂ ਸੋਨੇ ਦਾ ਵਜ਼ਨ ਕਰੀਬ 25 ਕਿਲੋਗਰਾਮ ਹੁੰਦਾ ਹੈ। ਸੋਨੇ ਦੀ ਅੱਜ ਦੀ ਕੀਮਤ ਇੱਕ ਕਿਲੋਗਰਾਮ ਉੱਤੇ ਪੰਜਾਹ ਲੱਖ ਹੁੰਦੀ ਹੈ। ਇਸ ਲਿਹਾਜ਼ ਨਾਲ ਗਾਇਬ ਹੋਏ 26 ਕਿਲੋ-ਗਰਾਮ ਸੋਨੇ ਦੀ ਕੀਮਤ 12.5 ਕਰੋੜ ਰੁਪਏ ਹੋਵੇਗੀ।

ਕੋਰੋਨਾ ਨਾਲ ਜੰਗ ਵਿੱਚ ਅਹਿ-ਮਦਾਬਾਦ ਦੇ ਐਪਿਕ ਸੈਂਟਰ ਬਣ ਕੇ ਉਭਰੇ ਸਿਵਲ ਹਸਪਤਾਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅਸੀਂ ਨਿਯਮ ਬਣਾ ਦਿੱਤਾ ਸੀ ਕਿ ਦਾਖਲ ਹੋਣ ਆਈ ਔਰਤ ਸਮੇਤ ਬਾਕੀ ਮਰੀਜ਼ਾਂ ਦੇ ਗਹਿਣੇ ਪਰਵਾਰਕ ਮੈਂਬਰਾਂ ਨੂੰ ਸੌਂਪ ਦਿੱਤੇ ਜਾਣ। ਕੋਈ ਚਮਚਾ ਵੀ ਜੇ ਮਰੀਜ਼ ਦੇ ਘਰ ਤੋਂ ਆਉਂਦਾ ਤਾਂ ਉਹ ਵੀ ਪੈਕ ਕਰ ਮੋੜ ਦਿੰਦੇ ਸਨ। ਹਸਪਤਾਲ ਵਿੱਚ ਮੋਬਾਈਲ ਦੀ ਵਰਤੋਂ ਉੱਤੇ ਪਾਬੰਦੀ ਲਾਈ ਸੀ। ਇਸ ਲਈ ਮਰੀਜ਼ ਪੱਤਰ ਲਿਖ ਕੇ ਘਰਦਿਆਂ ਤੋਂ ਹਾਲ-ਚਾਲ ਜਾਣਦੇ ਜਾਂ ਦੱਸਦੇ ਸਨ। ਉਨ੍ਹਾਂ ਦਸਿਆ ਕਿ 24 ਪਰਵਾਰਾਂ ਨੂੰ ਗਹਿਣੇ ਮੋੜੇ ਹਨ।

# ਆਪਣੇ ਆਪ ਨਾਲ ਵਿਆਹ ਕਰਨ ਵਾਲੀ ਮਾਡਲ ਨੇ ਅਰਬ ਸ਼ੇਖ਼ ਦਾ ਤਿੰਨ ਕਰੋੜੀ ਪ੍ਰਪੋਜ਼ਲ ਠੁਕਰਾਇਆ

ਸਾਓ ਪਾਓਲੋ, 28 ਸਤੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਖੁਦ ਨਾਲ ਵਿਆਹ ਕਰਨ ਵਾਲੀ ਬ੍ਰਾਜੀਲੀਅਨ ਮਾਡਲ ਕ੍ਰਿਸ ਗੇਲਿਰਾ ਨੂੰ ਵਿਆਹ ਦੇ ਕੁਝ ਦਿਨਾਂ ਬਾਅਦ ਇੱਕ ਅਰਬ ਸ਼ੇਖ਼ ਨੇ ਪ੍ਰਪੋਜ਼ ਕਰ ਦਿੱਤਾ। ਇਸ ਸ਼ੇਖ਼ ਨੇ ਕ੍ਰਿਸ ਗੇਲਿਰਾ ਨੂੰ ਪੰਜ ਲੱਖ ਡਾਲਰ ਯਾਨੀ ਕਰੀਬ ਤਿੰਨ ਕਰੋੜ 69 ਲੱਖ ਡਾਲਰ ਦਾਜ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਇਸ ਦੇ ਬਾਵਜੂਦ ਕ੍ਰਿਸ ਦਾ ਦਿੱਲ ਉਸ ਦੇ ਲਈ ਨਹੀਂ ਪਿਘਲਿਆ।

ਡੇਲੀ ਸਟਾਰ ਦੀ ਰਿਪੋਰਟ ਮੁਤਾਬਕ ਇਸ ਸ਼ੇਖ਼ ਨੇ ਕ੍ਰਿਸ ਨੂੰ ਖੁਦ ਨੂੰ ਤਲਾਕ ਦੇਣ ਲਈ ਕਿਹਾ ਸੀ ਅਤੇ ਇਹ ਵੀ ਕਿਹਾ ਕਿ ਜੇ ਉਹ ਵਿਆਹ ਦੇ ਲਈ ਮੰਨ ਗਈ ਤਾਂ ਪੰਜ ਲੱਖ ਡਾਲਰ ਮੇਹਰ ਦੀ ਰਕਮ ਦੇਵੇਗਾ, ਮਗਰ ਕ੍ਰਿਸ ਨੇ ਸਾਫ ਨਾਂਹ ਕਰ ਦਿੱਤੀ। ਕ੍ਰਿਸ ਨੇ ਕਿਹਾ, ਉਸ ਨੇ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਪੋਜ਼ਲ ਭੇਜਿਆ ਸੀ, ਜਿਸ ਨੂੰ ਮੈਂ ਟ੍ਰਾਂਸਲੇਟ ਕਰਵਾ ਕੇ ਪੜ੍ਹਿਆ। ਵੈਸੇ ਸਾਡੀ ਇੱਕ ਵਾਰ ਫੋਨ ਉੱਤੇ ਗੱਲ ਵੀ ਹੋਈ ਸੀ, ਪਰ ਸੱਚ ਕਹਾਂ ਤਾਂ ਮੈਨੂੰ ਉਸ ਦਾ ਆਫਰ ਵਧੀਆ ਨਹੀਂ ਲੱਗਾ। ਮੈਂ ਵਿਕਾਊ ਨਹੀਂ ਹਾਂ, ਇਸ ਲਈ ਅਜਿਹੇ ਆਫਰ ਦਾ ਕੋਈ ਮਤਲਬ ਨਹੀਂ। ਇਹੋ ਜਿਹੀ ਪੇਸ਼ਕਸ਼ ਨੂੰ ਮੈਂ ਸਿੱਧੇ-ਸਿੱਧੇ ਠੁਕਰਾਉਣਾ ਬਿਹਤਰ ਸਮਝਿਆ। ਵੈਸੇ ਵੀ ਮੈਂ ਜਦ ਖੁਦ ਨਾਲ ਵਿਆਹ ਕੀਤਾ ਸੀ ਤਾਂ ਇਸ ਲਈ ਕਿਉਂਕਿ ਮੈਂ ਕਈ ਰਿਲੇਸ਼ਨਸ਼ਿਪ ਵਿੱਚ ਰਹਿ ਕੇ ਤੰਗ ਆ ਗਈ ਸੀ। ਇਕੱਲੇ ਰਹੀ ਤਾਂ ਜਾਣਿਆ ਕਿ ਇਕੱਲੇ ਜ਼ਿੰਦਗੀ ਬਿਤਾਉਣਾ ਮੁਸ਼ਕਲ ਨਹੀਂ ਹੈ।

# ਜਰਮਨੀ ਦੀਆਂ ਚੋਣਾਂ ਵਿਚ ਸੋਸ਼ਲ ਡੈਮੋਕ੍ਰੇਟਸ ਨੇ ਮਾਰਕਲ ਦੇ ਬਲਾਕ ਨੂੰ ਹਰਾਇਆ

ਜਰਮਨੀ, 28 ਸਤੰਬਰ (ਪੋਸਟ ਬਿਊਰੋ)- ਜਰਮਨੀ ਦੀਆਂ ਆਮ ਚੋਣਾਂ ਵਿੱਚ ਸੈਂਟਰ-ਲੈਫਟ ਸੋਸ਼ਲ ਡੈਮੋਕ੍ਰੇਟਸ ਨੇ ਸਭ ਤੋਂ ਵੱਧ ਸੀਟਾਂ ਹਾਸਲ ਕੀਤੀਆਂ ਅਤੇ ਬੇਹੱਦ ਕਰੀਬੀ ਮੁਕਾਬਲੇ ਵਿੱਚ ਵਰਤਮਾਨ ਚਾਂਸਲਰ ਏਂਜਲਾ ਮਾਰਕਲ ਦੇ ਦੱਖਣ ਪੰਥੀ ਝੁਕਾਅ ਵਾਲੇ ਯੂਨੀਅਨ ਬਲਾਕ ਨੂੰ ਹਰਾ ਦਿੱਤਾ ਹੈ। ਇਹ ਚੋਣਾਂ ਤੈਅ ਕਰਨਗੀਆਂ ਕਿ ਸਭ ਤੋਂ ਵੱਡੀ ਅਰਥਵਿਵਸਥਾ ਵਾਲੇ ਦੇਸ਼ ਵਿੱਚ ਲੰਬੇ ਸਮੇਂ ਤੋਂ ਨੇਤਾ ਰਹੀ ਮਾਰਕਲ ਦਾ ਉਤਰਾ-ਅਧਿਕਾਰੀ ਕੌਣ ਹੋਵੇਗਾ।

ਸੋਸ਼ਲ ਡੈਮੋਕ੍ਰੇਟਸ ਦੇ ਉਮੀਦਵਾਰ ਤੇ ਵਰਤਮਾਨ ਵਾਈਸ ਚਾਂਸਲਰ ਤੇ ਵਿੱਤ ਮੰਤਰੀ ਓਲਾਫ ਸ਼ੋਲਜ ਨੇ ਕਿਹਾ ਕਿ ਚੋਣਾਂ ਦੇ ਨਤੀਜੇ ਬੇਹੱਦ ਸਪੱਸ਼ਟ ਫਤਵਾ ਦਰਸਾਉਂਦੇ ਹਨ, ਇਹ ਨਿਸ਼ਚਿਤ ਕਰੇਗਾ ਕਿ ਅਸੀਂ ਮਿਲ ਕੇ ਜਰਮਨੀ ਵਿੱਚ ਬਿਹਤਰ ਤੇ ਵਿਹਾਰਕ ਸਰਕਾਰ ਦਾ ਗਠਨ ਕਰੀਏ। ਫੈਡਰਲ ਚੋਣਾਂ ਵਿੱਚਅੱਜ ਤਕ ਦੇ ਸਭ ਤੋਂ ਖ਼ਰਾਬ ਪ੍ਰਦਰਸ਼ਨ ਦੇ ਬਾਵਜੂਦ ਮਾਰਕਲ ਦੇ ਯੂਨੀਅਨ ਬਲਾਕ ਨੇ ਕਿਹਾ ਕਿ ਉਹ ਸਰਕਾਰ ਦੇ ਗਠਨ ਲਈ ਛੋਟੇ ਦਲਾਂ ਨਾਲ ਸੰਪਰਕ ਕਰਨਗੇ। ਨਵੇਂ ਚਾਂਸਲਰ ਦੇ ਸਹੁੰ ਚੁੱਕਣ ਤਕ ਮਾਰਕਲ ਕਾਰਵਾਹਕ ਚਾਂਸਲਰ ਬਣੀ ਰਹੇਗੀ। ਚੋਣ ਕਮਿਸ਼ਨ ਨੇ ਦੱਸਿਆ ਕਿ ਕੱਲ੍ਹ ਸਵੇਰੇ ਸਾਰੀਆਂ 299 ਸੀਟਾਂ ਉੱਤੇ ਗਿਣਤੀ ਵਿੱਚ ਸੋਸ਼ਲ ਡੈਮੋਕ੍ਰੇਟਸ ਨੇ 25.9 ਫੀਸਦੀ ਵੋਟਾਂ ਲਈਆਂ, ਜਦਕਿ ਯੂਨੀਅਨ ਬਲਾਕ ਨੂੰ 24.1 ਫੀਸਦੀ ਵੋਟਾਂ ਮਿਲੀਆਂ। ਗਰੀਨ ਪਾਰਟੀ 14.8 ਫੀਸਦੀ ਵੋਟਾਂ ਨਾਲ ਤੀਸਰੀ ਧਿਰ ਵਜੋਂ ਉਭਰੀ।

# ਪਾਕਿਸਤਾਨ ਵਿੱਚ ਜਿਨਾਹ ਦਾ ਬੁੱਤ ਧਮਾਕੇ ਵਿੱਚ ਢਹਿ-ਢੇਰੀ



ਕਰਾਚੀ, 28 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਗੜਬੜ ਵਾਲੇ ਬਲੋਚਿਸਤਾਨ ਸੂਬੇ ਦੇ ਤੱਟ-ਵਰਤੀ ਸ਼ਹਿਰ ਗਵਾਦਰ ਵਿੱਚ ਬਲੋਚ ਅਤਿਵਾਦੀਆਂ ਨੇ ਬੰਬ ਧਮਾਕੇ ਵਿੱਚ ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਦੇ ਬੁੱਤ ਨੂੰ ਤਬਾਹ ਕਰ ਦਿੱਤਾ ਹੈ, ਜਿਸ ਨਾਲ ਸਨਸਨੀ ਫੈਲ ਗਈ ਹੈ।

'ਡਾਨ' ਵਿੱਚ ਛਪੀ ਖ਼ਬਰ ਮੁਤਾ-ਬਕ ਸੁਰੱਖਿਅਤ ਖੇਤਰ ਮੰਨੇ ਜਾਂਦੇ ਮੈਰੀਨ ਡਰਾਈਵ ਉੱਤੇ ਜੂਨ ਵਿੱਚ ਲਾਏ ਗਏ ਬੁੱਤ ਦੇ ਹੇਠਾਂ ਵਿਸਫੋਟਕ ਰੱਖ ਕੇ ਉਸ ਨੂੰ ਕੱਲ੍ਹ ਸਵੇਰੇ ਉਡਾ ਦਿੱਤਾ ਗਿਆ। ਖ਼ਬਰਾਂ ਮੁਤਾਬਕ ਧਮਾਕੇ ਵਿੱਚ ਬੁੱਤ ਪੂਰੀ ਤਰ੍ਹਾਂ ਤਬਾਹ ਹੋ ਗਿਆ।ਪਾਬੰਦੀਸ਼ੁਦਾ ਅਤਿਵਾਦੀ ਸੰਗਠਨ ਬਲੋਚ ਰਿਪਬਲਿਕਨ ਆਰਮੀ ਦੇ ਬੁਲਾਰੇ ਬੱਬਰ ਬਲੋਚ ਨੇ ਟਵਿੱਟਰ ਉੱਤੇ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਬੀ ਬੀ ਸੀ ਉਰਦੂ ਨੇ ਗਵਾਦਰ ਦੇ ਡਿਪਟੀ ਕਮਿਸ਼ਨਰ ਮੇਜਰ (ਸੇਵਾਮੁਕਤ) ਅਬਦੁਲ ਕਬੀਰ ਖ਼ਾਨ ਦੇ ਹਵਾਲੇ ਨਾਲ ਕਿਹਾ ਕਿ ਇਸ ਦੀ ਉਚ ਪਧਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਨਾਹ ਦੇ ਬੁੱਤ ਨੂੰ ਵਿਸਫ਼ੋਟਕ ਲੱਗਾ ਕੇ ਤਬਾਹ ਕਰਨ ਵਾਲੇ ਅਤਿਵਾਦੀ ਸੈਲਾਨੀਆਂ ਵਜੋਂ ਇਲਾਕੇ ਵਿੱਚ ਦਾਖ਼ਲ ਹੋਏ ਸਨ, ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ, ਪਰ ਜਾਂਚ ਇੱਕ ਜਾਂ ਦੋ ਦਿਨਾਂ ਵਿੱਚ ਪੂਰੀ ਹੋ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਅਸੀਂ ਸਾਰੇ ਪੱਖਾਂ ਤੋਂ ਜਾਂਚ ਕਰ ਰਹੇ ਹਾਂ ਅਤੇ ਜਲਦੀ ਹੀ ਦੋਸ਼ੀਆਂ ਨੂੰ ਫੜ ਲਵਾਂਗੇ। ਜਿਨਾਹ 1913 ਤੋਂ ਲੈ ਕੇ 14 ਅਗਸਤ, 1947 ਨੂੰ ਪਾਕਿ-ਸਤਾਨ ਦੀ ਸਥਾਪਨਾ ਤੱਕ 'ਆਲ ਇੰਡੀਆ ਮੁਸਲਿਮ ਲੀਗ' ਦੇ ਆਗੂ ਸਨ।

Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Respersentative
Call Now: (416)-970-5005

Brampton — $799,900 — Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!

Brampton — $849,900 — Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.

Brampton — $699,900 — Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ

Brampton — $799,999 — Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ

Brampton — $1,199,000 — Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ

Brampton — $1,179,000 — Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ

Brampton — $1,299,000 — Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ

Brampton — $999,800 — Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

